

ਪਿਉਂਦ ਕਰਾਂ ਮੈਂ ਸ਼ਿਵ ਦੇ ਹੌਕੇ ਅੱਥਰੂ ਦਾਬ ਲਗਾਵਾਂ।
ਨੀਲ ਸਰਾਂ ਦੇ ਨਿੱਤਰੇ ਪਾਣੀ ਮੋਹ ਮੁੱਢ ਚੁਲ੍ਹੀਆਂ ਪਾਵਾਂ।

*ਤਿਲਕ ਰਾਜ ਕਾਹਲ*

**ਕਾਹਲ ਦੀ ਕਲਮ ਤੋਂ :**

- ਸ਼ਿਵ ਰੰਗ

# ਸ਼ਿਵ ਦੀ ਦਾਬ

**ਤਿਲਕ ਰਾਜ ਕਾਹਲ**

*Poetry/Punjabi Poetry*

**Shiv Di Daab**

*by*

**Tilak Raj Kaahal**
Vill. Pir Mohamad, P/O: Amir khothi
Teh. Jalalabad, Distt. Firozpur (Punjab)
Mob. 98551-22557

2011
Published by Lokgeet Parkashan
S.C.O. 26-27, Sector 34 A, Chandigarh-160022
India
Ph.0172-5077427, 5077428
Punjabi Bhawan Ludhiana, 98154-71219
Type Setting & Design PCIS
Printed & bound at Unistar Books (Printing Unit)
11-A, Industrial Area, Phase-2, Chandigarh (India)
98154-71219

*© 2011*

*Produced and bound in India*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-*

## ਸ਼ਿਵ ਦੇ ਗੀਤਾਂ ਦਾ ਵਣਜਾਰਾ—ਤਿਲਕ ਰਾਜ ਕਾਹਲ

ਪੰਜਾਬੀ ਮਾਂ ਬੋਲੀ ਦੇ ਮੱਥੇ 'ਤੇ ਬਿਰਹੋਂ ਦਾ ਤਿਲਕ ਲਾਉਣ ਵਾਲਾ ਸ਼ਿਵ ਰੰਗ, ਸ਼ਿਵ ਦੇ ਗੀਤਾਂ ਦਾ ਵਣਜਾਰਾ "ਸ਼ਿਵ ਦੀ ਦਾਬ" ਆਪਣੀ ਪਲੇਠੀ ਪੁਸਤਕ ਸਾਹਿਤ ਦੇ ਵਿਹੜੇ ਵਿੱਚ ਲੈ ਕੇ ਸ਼ਾਇਰ ਤਿਲਕ ਰਾਜ ਕਾਹਲ ਹਾਜ਼ਰ ਹੈ।

ਸ਼ਾਇਰੀ ਉਸ ਲਈ ਅੰਦਰੋਂ ਫੁੱਟੇ ਚਸ਼ਮੇ ਵਾਂਗ ਹੈ। ਸ਼ਾਇਰ ਆਪ ਨਹੀਂ ਬੋਲਦਾ ਉਸਦੀ ਰੂਹ ਅੱਖਰਾਂ ਦਾ ਜਾਮਾ ਪਹਿਨਕੇ ਬਿਰਹੋਂ ਹਿਜ਼ਰ ਪੀੜ, ਸਿੱਕ, ਰੀਝ, ਹਉਕਾ, ਅੱਥਰੂ, ਇਸ਼ਕ ਬਣਦੀ ਹੈ। ਸ਼ਾਇਰ ਸ਼ਿਵ ਤੇ ਉਸ ਦੇ ਜਨਮਾਂ ਦੀ ਸਾਂਝ ਹੈ। "ਸ਼ਿਵ ਦੀ ਦਾਬ" ਕਵਿਤਾ ਵਿੱਚ ਉਹ ਲਿਖਦਾ ਹੈ:-

ਸਾਂਭ ਰੱਖੋ ਨੀ ਸ਼ਿਵ ਦੀ ਕਫ਼ਨੀ ਦੁੱਖਾਂ ਦਰਦਾਂ ਮਾਰੀ
ਕੀ ਪਤਾ ਕੱਲ੍ਹ ਕੋਈ ਪੀੜਾਂ-ਕੁੱਠਾ ਮੰਗੇ ਆਪਣੇ ਵਾਰੀ
ਨੱਤ-ਮਸਤਕ ਜੇ ਆਸ਼ਕ ਹੋਵੇ ਦਿਲ ਥੀਂ ਦੇ ਦੁਆਵਾਂ
ਪਿਉਂਦ ਕਰਾਂ ਮੈਂ ਸ਼ਿਵ ਦੇ ਹੌਕੇ ਅੱਥਰੂ ਦਾਬ ਲਗਾਵਾਂ।

ਬਿਰਹਾ ਹਿਜ਼ਰ ਵਿਛੋੜਾ ਉਸਦਾ ਮਨ ਭਾਉਂਦਾ ਵਿਸ਼ਾ ਹੈ ਜਿਸ ਦਾ ਜਿਕਰ ਇਸ ਪ੍ਰਕਾਰ ਕਰਦਾ ਹੈ:-

ਅਣਜੰਮੀ ਪ੍ਰੀਤ ਦੀ ਕੁੱਖੋਂ ਪਲੇਠਾ ਬਿਰਹੋਂ ਜਾਇਆ
ਗੁੜ੍ਹਤੀ ਦੇ ਵਿੱਚ ਪੀਸ ਵਿਛੋੜਾ ਮੁੱਖ ਥੀ ਸਾਡੇ ਲਾਇਆ
ਰਹੋ ਵੇ ਇਸ਼ਕਾ ਰਹੋ ਦੁਰੇਡੇ ਤੇਰੀ ਸਾਡੀ ਬਸ ਵੇ।

ਤਿਲਕ ਰਾਜ ਕਾਹਲ ਆਪਣੀ ਜ਼ਿੰਦਗੀ ਦੇ ਸੱਠ ਸਾਲ ਪੂਰੇ ਕਰਨ ਤੋਂ ਬਾਅਦ ਆਪਣੀ ਜ਼ਿੰਦਗੀ ਦੇ ਅਨੁਭਵ ਅਹਿਸਾਸ, ਸ਼ਿੱਕ ਤੇ ਜਜ਼ਬੇ ਜੋ ਉਸ ਦੇ ਅੰਦਰੋਂ ਆਪ ਮੁਹਾਰੇ ਫੁੱਟਦੇ ਹਨ, ਇਸ ਪੁਸਤਕ ਵਿੱਚ ਲੈ ਕੇ ਹਾਜ਼ਰ ਹੈ। ਉਸ ਲਈ ਬਿਰਹਾ ਸ਼ਹਿਨਸ਼ਾਹ ਹੈ। ਉਸ ਦੀ ਕਲਮ ਅੱਥਰੂ ਕੇਰਦੀ ਹੈ। ਉਸ ਦੀ ਪੀੜ੍ਹ ਨੰਗੇ ਪੈਰ ਤੁਰਦੀ

ਹੈ। “ਕਾਹਲ” ਦੁੱਖਾਂ ਦੀ ਚੱਕੀ ਲੈ ਕੇ ਹਾਜ਼ਰ ਹੈ। ਬਿਰਹੋਂ ਉਸਦੇ ਹਾਣ ਦਾ ਹੈ। ਉਹ ਵੀ ਹੱਡ ਚਾਵਾਂ ਦੇ ਬਾਲਦਾ ਹੈ। ਉਸਦੇ ਤਨ ’ਤੇ ਵੀ ਬਿਰਹੋਂ ਦੇ ਫੱਟ ਹਨ ਉਸ ਨੂੰ ਪੈ ਗਈ ਆਦਤ ਪੀੜਾਂ ਖਾਣ ਦੀ ਉਸ ਦੀ ਬਿਰਹੋਂ ਕੁੱਠੀ ਰੂਹ ਦਿਲਬਰ, ਮਾਹੀ, ਹਾਣੀ ਨੂੰ ਅਵਾਜ਼ਾਂ ਮਾਰਦੀ ਹੈ। ਉਸ ਨੂੰ ਪੌਣ ਵੀ ਸੂਲੀ ’ਤੇ ਟੰਗਦੀ ਹੈ।

ਪੌਣ ਪੈਰ ਘੁੰਗਰੂ ਕਿਸ ਬੰਨੇ ਉਹ ਪਾ ਛਣਕਾਟਾ ਲੰਘਦੀ
ਉੱਡੀ ਨੀਂਦ ਤੇ ਖ਼ੁਆਬ ਗੁਆਚੇ, ਜਿੰਦ ਸੂਲੀ ’ਤੇ ਟੰਗਦੀ।

ਮਾਂ ਬੋਲੀ ਪੰਜਾਬੀ ਬਾਰੇ ਅਤੇ ਸਮਾਜਿਕ ਰੰਗ ਦੀਆਂ ਨਜ਼ਮਾਂ “ਦਮਾਂ ਦੇ ਲੋਭੀ”, “ਭਰੂਣ ਹੱਤਿਆ” ਵਿੱਚ ਇੱਕ ਵੱਖਰਾ ਅੰਦਾਜ਼ ਹੈ। ਸਮਾਜ ਨੂੰ ਇੱਕ ਹਲੂਣਾ ਹੈ। ਉਸ ਦੇ ਗੀਤਾਂ ਵਿੱਚ ਸਰਲਤਾ, ਸਪਸ਼ਟਤਾ, ਭਾਵਾਂ ਦੀ ਰਵਾਨੀ ਹੈ, ਸ਼ਬਦਾਂ ਦੀ ਜਾਦੂਗਰੀ ਹੈ, ਮਿਠਾਸ ਦੀ ਚਾਸਣੀ ਹੈ। ਉਸ ਦੇ ਗੀਤ ਲਚਰਤਾ ਤੋਂ ਕੋਹਾਂ ਦੂਰ ਹਨ ਅਤੇ ਇਹ ਇੱਕ ਸਾਂਭਣਯੋਗ ਸਰਮਾਇਆ ਹੈ ਉਸ ਦੇ ਗੀਤਾਂ ਦੀਆਂ ਸਤਰਾਂ ਯਾਦ ਕਰਨ ਯੋਗ ਹਨ।

ਪ੍ਰਭਾਤਾਂ ਆਈਆਂ ਨੇ ਮੁਕਾਣੀ ਦੂਹਰੇ ਘੁੰਡ ਸੂਹੇ ਮੁੱਖ
ਕੁੜਮਾਚਾਰੀ ਏ ਸਕੀਰੀ “ਕਾਹਲ ਠੱਠਿਆ ਦੀ ਭੁੱਖ
ਰਾਤਾਂ ਗੋਰੀਆਂ ਬੁਲਾਓ ਚੰਗਾ ਚੋਸਾ ਨੀ ਪਕਾਓ
ਸੋਫ਼ੀ ਸਾਹਾਂ ਦਾ ਓ ਇੱਕ ਇੱਕ ਹੋ ਜਾਏ ਜਾਮ।
ਚਰਚਾ ਲੋਕਾਂ ਦਿਆਂ ਹੋਠਾਂ ਉੱਤੇ ਹੈ ਸ਼ਰੇਆਮ।

ਮੈਨੂੰ ਪੂਰੀ ਉਮੀਦ ਹੈ ਕਿ ਉਸ ਦੇ ਗੀਤਾਂ ਦੀ ਚਰਚਾ ਵੀ ਜ਼ਰੂਰ ਹੋਏਗੀ। ਕਈ ਚਿਰਾਂ ਬਾਅਦ ਕਿਸੇ ਨਵੇਂ ਸ਼ਾਇਰ ਦੀ ਸ਼ਾਇਰੀ ਵਿੱਚ ਪੀੜਾਂ ਕੁੱਠੀ ਰੂਹ ਦੇ ਦਰਸ਼ਨ ਹੋਣਗੇ:–

ਉਸਦਾ ਇਕਬਾਲੀਆ ਬਿਆਨ ਹੈ:–

ਬਹਿਰ ਸ਼ਾਇਰ ਤੁਕਬੰਦੀ ਨਾ ਜਾਣਾ ਪਿੰਗਲ ਉੱਕਾ ਹੀ ਰੁੱਠਿਆ ਈਂ
ਉਹੀ ਕੁਝ ਮੇਰੀ ਕਲਮ ਨੇ ਲਿਖਿਆ, ਜੋ ਕੁਝ ਅੰਦਰੋਂ ਉੱਠਿਆ ਈਂ

ਪਰ ਉਸ ਵਿੱਚ ਸ਼ਾਇਰੀ ਰਮਜ਼, ਸੂਝ, ਤੁਕਾਂਤ, ਕਾਫ਼ੀਆ, ਰਦੀਫ਼ ਦੀ ਪੂਰੀ ਪੂਰੀ ਸਮਝ ਹੈ।

ਇਸ ਪੁਸਤਕ “ਸ਼ਿਵ ਦੀ ਦਾਬ” ਦਾ ਦੂਜਾ ਬਿਰਹੋਂ ਰੰਗ ਇਸ਼ਕ ਹਕੀਕੀ ਹੈ।

ਇਹ ਪੁਸਤਕ ਇਸ਼ਕ ਮਿਜਾਜੀ ਇਸ਼ਕ ਹਕੀਕੀ ਦੀ ਪੌੜੀ ਹੈ, ਵਾਲੀ ਗੱਲ ਠੀਕ ਉੱਤਰਦੀ ਹੈ। ਸੂਫੀ ਰੰਗ ਮੁਰਸ਼ਦ ਦਾ ਵਿਛੋੜਾ:-

ਸ਼ਾਹ ਹੁਸੈਨ ਤੇ ਬੁੱਲ੍ਹੇ ਸ਼ਾਹ ਵਰਗੀ ਕਵੀਸ਼ਰੀ ਦੀ ਝਲਕ ਜ਼ਰੂਰ ਮਿਲਦੀ ਹੈ। ਬੇਸ਼ਕ ਸੂਫ਼ੀ ਰੰਗਤ ਦੀ ਉਹ ਚੀਸ ਹਾਲੇ ਬੜੀ ਦੂਰ ਹੈ। ਪਰ ਇੰਜ ਲਗਦਾ ਹੈ ਉਹ ਨਜ਼ਦੀਕ ਜ਼ਰੂਰ ਆਏਗੀ।

ਅੱਗ ਹਿਜਰ ਦੀ ਲੱਗੀ ਸਾਨੂੰ ਤਨ ਮਨ ਕਰੇ ਸਵਾਹ ਵੇ ਅੜਿਆ।
ਆ ਸੱਜਣ ਗਲ ਲੱਗ ਅਸਾਂ ਦੇ ਬੁੱਝੇ ਬਿਰਹੋ ਭਾਹ ਵੇ ਅੜਿਆ।

ਮੈਂ ਜ਼ਿਆਦਾ ਕੀ ਲਿਖਾਂ ਸਚਮੁੱਚ "ਤਿਲਕ ਰਾਜ ਕਾਹਲ" ਦੀ ਇਹ ਪੁਸਤਕ ਪੜ੍ਹਨਯੋਗ ਹੈ। ਚਿਰਾਂ ਪਿੱਛੋਂ ਕਿਸੇ ਸ਼ਾਇਰ ਦੀ ਸ਼ਾਇਰੀ ਵਿੱਚ ਮਾਣਿਆ ਹੋਇਆ ਰੰਗ ਇਸ਼ਕ ਮਿਜਾਜੀ ਤੇ ਇਸ਼ਕ ਹਕੀਕੀ ਦਾ ਸੁਮੇਲ ਨਜ਼ਰ ਆਏਗਾ। ਸਾਡੀ ਰੂਹ ਨੂੰ ਅਨੰਦਤ ਕਰੇਗਾ।

ਸਾਹਿਤ ਦੇ ਵਿਹੜੇ ਵਿੱਚ ਇਸ ਪੁਸਤਕ ਦੇ ਪਰਵੇਸ਼ ਨੂੰ ਜੀਉ ਆਇਆਂ ਆਖਦਾ ਹਾਂ। ਖੁਸ਼ਆਮਦੀਦ ਕਹਿੰਦਾ ਹਾਂ। ਆਉਣ ਵਾਲੇ ਸਮਿਆਂ ਵਿੱਚ ਹੋਰ ਵੀ ਕਈ ਰੰਗ ਇਸ ਕਲਮ ਦੀ ਮਹਿਕ 'ਚੋਂ ਸਾਨੂੰ ਮਿਲਣਗੇ।

"ਦੁੱਖਾਂ ਦਰਦਾਂ ਦੀ ਮਿਲੀ "ਕਾਹਲ" ਨੂੰ ਗੁੜ੍ਹਤੀ
ਕਫ਼ਨੀ ਸੀਂ ਸੂਲਾਂ ਦੀ ਤਨ ਤੇ ਪਾਈ ਸੂੰ
ਬਿਰਹੋ ਦੇ ਸੁਲਤਾਨ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਲਈ
"ਸ਼ਿਵ ਦੀ ਦਾਬ ਲਗਾਈ ਸੂੰ"

ਦਿਆਲ ਸਿੰਘ ਪਿਆਸਾ
ਮੋਬਾ : 98722-86965

ਮਿਤੀ: 17-10-2010

ਨਾ ਦੋਹਰ ਨਾ ਖੇਸ ਨ ਖੇਸੀ
ਨਾ ਖੱਦਰ ਦਾ ਟੋਟਾ ਮੈਂ,
ਨਾ ਬੁਣਿਆ ਮੈਂ ਤਾਣਾ ਪੇਟਾ
ਨਾ ਪੱਛੀ ਪਿਆ ਗਲੋਟਾ ਮੈਂ
ਨਾ ਤੱਕਲੇ ਕਿਸੇ ਤੰਦ ਮੇਰੀ ਪਾਈ
ਨਾ ਬੁਣਿਆ ਸੂਤਰ ਮੋਟਾ ਮੈਂ
ਨਾ ਪੂਣੀ ਜੋ ਛਿੱਕੂ ਰੱਖੀ
ਨਾ ਪਿੰਜੇ ਤੁੰਬੇ ਸੋਟਾ ਮੈਂ
ਬਣ ਭੋਛਣ ਮੈਂ ਪੱਟ ਕਹਾਵਾਂ
ਜੇ ਸਾਈਂ ਕਹੇ ਨਾ ਖੋਟਾ ਮੈਂ
ਬਹਿਰ ਸ਼ਾਇਰ ਤੁਕਬੰਦੀ ਨਾ ਜਾਣਾ
ਪਿੰਗਲ ਉੱਕਾ ਹੀ ਰੁੱਠਿਆਈ
ਉਹੀ ਕੁਝ ਮੇਰੀ ਕਲਮ ਨੇ ਲਿਖਿਆ
ਜੋ ਕੁਝ ਅੰਦਰੋਂ ਉੱਠਿਆਈ
ਨਾ ਕਿੱਧਰੇ ਦਿਲ ਦਿੱਤਾ ਲਿਆ
ਨਾ ਕਿਤੇ ਪ੍ਰੀਤ ਲਗਾਈ ਏ
ਜਿਸ ਸਾਹਿਬ ਫੁਰਾਇਆ ਫੁਰਨਾ
"ਕਾਹਲ" ਸਭ ਉਸ ਦੀ ਵਡਿਆਈ ਏ

## ਤਤਕਰਾ


| ਲੜੀ ਨੰ: | ਸੂਚੀ | ਸਫ਼ਾ ਨੰ: |
|---|---|---|
| 1. | ਸ਼ਿਵ ਦੀ ਦਾਬ | 13 |
| 2. | ਰਹੋ ਵੇ ਇਸ਼ਕਾ | 15 |
| 3 | ਗੀਤ | 16 |
| 4. | ਸੂਹੀ ਲੈ ਕੇ ਫੁੱਲਕਾਰੀ | 17 |
| 5. | ਗੀਤ | 18 |
| 6. | ਪੀੜ ਨੰਗੇ ਪੈਰੀ | 19 |
| 7. | ਬੇ-ਬਸੀ ਬਿੰਗ ਫਸਾਏ ਸੱਜਣਾ | 20 |
| 8. | ਗੀਤ | 21 |
| 9. | ਬਿਰਹੋ ਸ਼ਹਿਨਸ਼ਾਹ | 22 |
| 10. | ਗੀਤ | 24 |
| 11. | ਪ੍ਰੀਤ ਨੂੰ ਪੰਜਕਾਂ | 25 |
| 12. | ਗੀਤ | 26 |
| 13. | ਕਲਮ ਦੇ ਅੱਥਰੂ | 27 |
| 14. | ਬਿਰਹੋ ਸਿਉਂਕ ਖਾਵੇ | 28 |
| 15. | ਬਹਾਰ ਜਦ ਵੀ ਆਈ | 30 |
| 16. | ਬੇਬੱਸ | 31 |
| 17. | ਦੁੱਖਾਂ ਦੀ ਚੱਕੀ | 33 |
| 18. | ਹਾਣ ਦਾ ਬਿਰਹੋ | 34 |
| 19. | ਮੇਰਾ ਤੁੱਧ ਬਿੰਨ ਲਗਦਾ ਨਾ ਜੀਅ | 35 |
| 20. | ਦੱਸਿਆ ਨਾ ਸੋਹਣੇ ਸਰਨਾਵਾਂ | 36 |
| 21. | ਖੁਆਬ ਜਦ ਵੀ ਹੈ ਓ ਆਇਆ | 37 |
| 22. | ਗੀਤ | 38 |
| 23. | ਹੱਡ ਚਾਵਾਂ ਦੇ ਬਾਲ | 39 |
| 24. | ਜਿਸ ਤਨ 'ਤੇ ਫੱਟ ਨੇ ਬਿਰਹੋ ਦੇ | 41 |
| 25. | ਪੈ ਗਈ ਏ ਆਦਤ ਪੀੜਾਂ ਪੀਣ ਦੀ | 42 |
| 26. | ਗੀਤਾਂ ਸੰਗ ਲੁੱਕ ਲੁੱਕ ਰੋਏ | 43 |
| 27. | ਆਜਾ ਦਿਲਬਰ | 44 |

| | | |
|---|---|---|
| 28. | ਦੇ ਜੁਦਾਈਆਂ ਲੰਬੀਆਂ | 45 |
| 29. | ਕੂਲੇ ਕੂਲੇ ਚਾਅ ਸਾਡੇ ਖਾਵੇ | 47 |
| 30. | ਮਾਹੀ ਵੇ ਸਾਨੂੰ ਵੀ ਤਾਂ ਪਿਆਰ ਹੈ ਓ ਲੋੜੀਦਾ | 49 |
| 31. | ਦਿਲਾ ਵੇ ਹੁਣ ਕਿਓ ਕਰਨਾ | 51 |
| 32. | ਮੇਰਾ ਸਯਦਾ ਲੋਕੋ ਸੋ ਵਾਰੀ | 52 |
| 33. | ਆਜਾ ਹਾਣੀਆਂ | 54 |
| 34. | ਗੀਤ | 56 |
| 35. | ਪਿੰਡ ਮੇਰਾ ਦਰਦ ਰੰਝਾਣਾ ਏ | 57 |
| 36. | ਚੁੱਪ ਕਰ ਬੱਦਲਾ | 59 |
| 37. | ਮੈਂ ਤੇਰਾ ਹੀ ਮਰੀਜ਼ ਹਾਂ | 61 |
| 38. | ਮੁੱਕ ਗਿਆ ਤੇਲ ਅੱਜ ਸਾਹਾਂ ਦਾ | 62 |
| 39. | ਗ਼ਮ ਨੀ ਪ੍ਰਾਹੁਣਾ ਆ ਗਿਆ | 64 |
| 40. | ਖਿੰਡ ਗਈਆਂ ਸੰਦਲੀ ਲਟੂਰੀਆਂ | 65 |
| 41. | ਜਿਵੇਂ ਸਾਡੇ ਨਾਲ ਹੋਈ ਕਿਸੇ ਨਾਲ ਨਾ ਹੋਇ | 67 |
| 42. | ਦਿਲਾ ਵੇ ਉੱਠ ਤੁਰ ਚੱਲੀਏ | 68 |
| 43. | ਅਸਾਂ ਜਾਗ ਜਾਗ ਕੱਟੀ ਏ ਤਾਰਿਆਂ ਦੇ ਨਾਲ | 70 |
| 44. | ਢੋਲਾ ਤੇਰੇ ਕੋਸੇ ਹੌਕਿਆਂ ਨੇ | 71 |
| 45. | ਮੇਰੇ ਸਬਰ ਨੂੰ ਨਾ ਰੋੜੇ | 72 |
| 46. | ਸੱਜਣ ਕਹਾਂ ਤਾਂ ਠੰਡ ਪੈਂਦੀ ਸੀਨੇ | 73 |
| 47. | ਸ਼ਿਵ ਦੀ ਬਾਤ | 74 |
| 48. | ਚੰਨ ਨੂੰ ਤਾਪ | 75 |
| 49. | ਦਮਾਂ ਦੇ ਲੋਭੀ (*ਸਮਾਜਿਕ*) | 76 |
| 50. | ਭਰੂਣ ਹੱਤਿਆ (*ਸਮਾਜਿਕ*) | 78 |
| 51. | ਮਾਂ ਬੋਲੀ ਦੇ ਬਣੇ ਸ਼ਿੰਗਾਰ (*ਮਾਂ ਬੋਲੀ ਪੰਜਾਬੀ*) | 80 |
| ***ਸੂਫ਼ੀਆਨਾ ਰੰਗਤ*** | | |
| 52. | ਲਾ ਕੇ ਰੋਗ ਸੱਜਣ ਤੁਰ ਚੱਲੇ | 83 |
| 53. | ਕਿਉਂ ਜ਼ੁਲਮ ਕਰੇਨਾਂ ਏ ਏਡੇ ਉ ਯਾਰ | 84 |
| 54. | ਯਾਰ ਪਿਆਰੜਿਆ | 85 |
| 55. | ਲਾਅ ਲੈ ਹਿੱਕ ਦੇ ਨਾਲ | 86 |
| 56. | ਛੱਡ ਹੁਣ ਲੁੱਕ-ਲੁਕਾਅ | 87 |
| 57. | ਨਾਲ ਸੱਜਣ ਦੇ ਲਾਈਆਂ | 88 |
| 58. | ਸਾਵਲ ਮੇਰਾ ਮੈਂ ਸਾਵਲ ਦੀ | 89 |

| | | |
|---|---|---|
| 59. | ਕੀਤਾ ਇਸ਼ਕ ਤੇਰੇ ਨੇ ਝੱਲਾ | 90 |
| 60. | ਨੀ ਕਰਕੇ ਪਿੱਠ ਉਹ ਚੱਲਿਆ | 91 |
| 61. | ਨੀ ਮੈਂ ਝੱਲੀ ਹਾਂ | 92 |
| 62. | ਅੱਗ ਹਿੱਜਰ ਦੀ ਲੱਗੀ ਸਾਨੂੰ | 93 |
| 63. | ਸਾਵਲ ਸਾਡਾ ਰੁੱਸਿਆ | 94 |
| 64. | ਦੇਸ਼ ਪੀਆ ਦੇ ਚੱਲੀ | 95 |
| 65. | ਕਰ ਆਜਾ ਚੰਨ੍ਹਾਂ ਨੂੰ ਪਾਰ | 96 |
| 66. | ਅੱਜ ਸ਼ਾਹੁ ਹੋਇਆ ਤੇਰੇ ਵੱਲ ਕੁੜੇ | 97 |
| 67. | ਮੈਨੂੰ ਆਖੋ ਸਹੀਉਂ ਬੁੱਲ੍ਹਾ | 98 |
| 68. | ਦਿਲ ਕਿਆਰੇ ਸੁੱਕੇ | 99 |
| 69. | ਮੇਰਾ ਮਾਹੀ ਘਰ ਆਇਆ | 100 |
| 70. | ਲੋਕ ਗੀਤ | 101 |
| 71. | ਲੋਕ ਗੀਤ | 102 |
| 72. | ਸੰਮੀ | 103 |
| 73. | ਲੋਕੀ ਮੈਨੂੰ ਕਹਿੰਦਾ ਕੋਝੀ | 104 |
| 74. | ਜਿੱਤ ਦੇਖਾਂ ਤਿੱਤ ਤੂੰ | 105 |
| 75. | ਮੈਨੂੰ ਰਾਂਝਾ ਲੈ ਦੇ ਗੱਲ ਮੇਰੀ ਨਾ ਮੋੜ ਨੀ | 106 |
| 76. | ਢੋਲਣ ਸਾਡਾ ਆਇਆ | 107 |
| 77. | ਨੀ ਮੈਂ ਯਾਰ ਬਣਾਇਆ ਅੱਲਾਹ | 108 |
| 78. | ਮੈਂ ਮੁਰਸ਼ਦ ਨਾਲ ਲਾਈ | 109 |
| 79. | ਨਾਲ ਪਿਆਰੇ ਮੈਂ ਨੀ ਨੱਚਾਂ | 110 |
| 80. | ਡਾਹਢਾ ਬੇਪਰਵਾਹ | 111 |
| 81. | ਦਰ ਸੋਹਣੇ ਦੇ ਪਾਵਾਂ ਲੋਕੋ ਮਸਤੀ 'ਚੋਂ ਜੱਲੀ | 112 |
| 82. | ਆਪ ਸੱਜਣ ਸਾਡੀ ਬਾਂਹ ਫੜ ਲਈ | 113 |
| 83. | ਪੜ੍ਹ ਫਕੀਰਾ ਅਲਾਹ ਹੂੰ | 114 |
| 84. | ਮੁੱਢ ਕਦੀਮੋਂ ਮਾਹੀਆ ਮੇਰਾ | 115 |
| 85. | ਠਾਠਾਂ ਮਾਰੇ ਬਿਰਹੋ | 116 |
| 86. | ਸਾਡੀਆਂ ਮੋਈਆਂ ਖੁਸ਼ੀਆਂ | 117 |
| 87. | ਦੂਰੋਂ ਦੂਰੋਂ ਕਰਦਾ ਇਸ਼ਾਰੇ ਸੋਹਣਾ ਮਾਹੀ | 118 |
| 88. | ਜਦ ਨੈਣ ਗਡਾਵਲ ਹੋ ਗਏ | 119 |
| 89. | ਮੁੰਦਰਾਂ ਇਸ਼ਕ ਦੀਆਂ | 120 |

## ਸ਼ਿਵ ਦੀ ਦਾਬ

ਪਿਉਂਦ ਕਰਾਂ ਮੈਂ ਸ਼ਿਵ ਦੇ ਹੌਂਕੇ, ਅਥਰੂ ਦਾਬ ਲਗਾਵਾਂ
ਨੀਲ-ਸਰਾਂ ਦੇ ਨਿੱਤਰੇ ਪਾਣੀ ਮੋਹ ਮੁੱਢ ਚੁਲੀਆਂ ਪਾਵਾਂ

ਮੋਏ ਸੁਪਨਿਆਂ ਦੇ ਅਸੀਂ ਵਾਰਿਸ ਕਰਦੇ, ਹੱਡ ਬੀਤੀ
ਸਾਡੇ ਨਾਓ ਵਸੀਅਤ ਉਸ ਨੇ ਪੀੜਾਂ ਦੀ ਹੈ ਕੀਤੀ
ਜੋਬਨ ਰੁੱਤੇ ਕੋਰੀ ਹਿੱਕ ਤੇ ਛਾਪ ਅਗੁੱਠਾ ਲਾਵਾ
ਪਿਉਂਦ ਕਰਾਂ ਮੈਂ ਸ਼ਿਵ ਦੇ ਹੌਂਕੇ ..........

ਜੰਗਾਲੇ ਜਾਂਦੇ ਨੈਣ ਅਸਾਂ ਦੇ ਜੇ ਮਿੱਤਰਾਂ ਨੂੰ ਰੋਵਣ ਨਾਹੀ
ਸੂਤੀਆਂ ਜਾਣ ਗਲੇ ਦੀਆਂ ਨਾੜਾਂ ਅੱਧੀ ਰਾਤ ਭਰਨ ਨਾ ਆਹੀ
ਰਾਗ ਮਲਾਰ ਨਾ ਮੇਚ ਅਸਾਂ ਦੇ ਗੀਤ ਗ਼ਮਾਂ ਦੇ ਗਾਵਾਂ
ਪਿਉਂਦ ਕਰਾਂ ਮੈਂ ਸ਼ਿਵ ਦੇ ਹੌਂਕੇ.....

ਦਿਲ ਦੀ ਚਾਹੀ ਧਰਤ ਤੇ ਬੀਜੇ ਦੋ ਰੂਹਾਂ ਨੇ ਸਾਂਝੇ ਬੀਂ
ਪ੍ਰੀਤ ਦੇ ਦੋਖੀਆਂ ਕੁਝ ਕਰੰਡੇ ਕੁਝ ਪੁੱਟੇ ਗਏ ਉੱਗਦੇ ਈਂ
ਰੀਝਾਂ ਤਨ ਤੋਂ ਚੁੰਡੀਆਂ ਸ਼ਿੱਕਰੇ ਹਾਸੇਂ ਖਾ ਲੈ ਕਾਵਾਂ
ਪਿਉਂਦ ਕਰਾਂ ਮੈਂ ਸ਼ਿਵ ਦੇ ........

ਉਦਾਸ ਪਰਿੰਦਾ ਬੈਠਾ ਟੀਸੀ ਵਿਦੇਸ਼ੀ ਉੱਡਣਾ ਲੋਚੇ
ਰੂਹ ਬੀਮਾਰ ਤੇ ਪਰ ਨਿਤਾਣੇ ਸੋ ਸੋ ਸੋਚਾਂ ਸੋਚੇ
ਪ੍ਰੀਤ ਵਿਹੂੰਨੀ ਦੇਹਿ ਦੀ ਨਗਰੀ ਕੀ ਕਿਸਮਤ ਅਜ਼ਮਾਵਾ
ਪਿਉਂਦ ਕਰਾਂ ਮੈਂ ਸ਼ਿਵ ........

ਸਾਂਭ ਰਖੋ ਨੀ ਸ਼ਿਵ ਦੀ ਕਫ਼ਨੀ ਦੁੱਖਾਂ ਦਰਦਾਂ ਮਾਰੀ
ਕੀ ਪਤਾ ਕੱਲ੍ਹ ਕੋਈ ਪੀੜਾ-ਕੁੱਠਾ ਮੰਗੇ ਅਪਣੀ ਵਾਰੀ
ਨੱਕ-ਮਸਤਿਕ ਜੇ ਆਸ਼ਿਕ ਹੋਵੇ ਦਿਲ ਥੀਂ ਦੇ ਦੁਆਵਾ
ਪਿਉਂਦ ਕਰਾਂ ਮੈਂ ਸ਼ਿਵ ........

ਰਾਮ ਸਸਤਾਣ ਗਏ ਜਿਸ ਅੰਬੀ ਉਸ ਅੰਬੀ ਸੀ ਮਾਲੀ ਪਹਿਰੇ
ਛਾਂਗ ਗਿਆ ਅੰਜਾਲੀ ਜਿਸ ਨੂੰ ਉਹ ਰੁੱਖ ਮਿਲਿਆ ਹਾੜ ਦੁਪਹਿਰੇ
ਮੈ ਨਾ ਲੋੜਾਂ ਸਾਂਭ ਤੂੰ ਸਮਿਆਂ ਭਰ ਸਿਆਲੇ ਆਪਣੀਆਂ ਛਾਵਾਂ
ਪਿਉਂਦ ਕਰਾਂ ਮੈਂ ਸ਼ਿਵ ਦੇ ..........

ਪਾਕ ਮੁਹੱਬਤ ਪੀਲੀਆ ਹੋਇਆ ਮੁੱਖ ਸਜਨਾ ਦੇ ਭੂਕ ਨੇ ਪੀਲੇ
ਜ਼ਖ਼ਮੀ ਜੀਭ ਤੇ ਹੋਂਠ ਤਰੇੜੇ ਕੱਲਰੀ ਨਾਗਿਨ ਅੰਗ ਕੀਤੇ ਨੀਲੇ
ਕੰਨ ਪਾਟੜੇ ਦੀ ਬੀਨ ਲਾਅ ਬੁੱਲ੍ਹੀਆਂ ਲੇਹਰਿਆ "ਕਾਹਲ" ਵਜਾਵਾ
ਪਿਉਂਦ ਕਹਾ ਮੈਂ ਸ਼ਿਵ ਦੇ ਹੌਂਕੇ ਅਥਰੂ ਦਾਬ ਲਗਾਵਾਂ।

✡✡

## ਰਹੋ ਵੇ ਇਸ਼ਕਾ

ਰਹੋ ਵੇ ਇਸ਼ਕਾ ਰਹੋ ਦੁਰੇਡੇ ਤੇਰੀ ਸਾਡੀ ਬੱਸ ਵੇ
ਪ੍ਰੀਤ ਕਚੇਰੀ ਕੱਲਰੀ ਨਾਗਿਨ ਜਾਵੇ ਨ ਕਿਤੇ ਡੱਸ ਵੇ

ਅਣਜੰਮੀ ਪ੍ਰੀਤ ਦੇ ਕੁੱਖੋਂ ਪਲੇਠਾ ਬਿਰਹੋ ਜਾਇਆ
ਗੁੜ੍ਹਤੀ ਦੇ ਵਿੱਚ ਪੀਸ ਵਿਛੋੜਾ ਮੁੱਖ ਥੀਂ ਸਾਡੇ ਲਾਇਆ
ਸਾਰੀ ਉਮਰ ਹੰਡਾਇਆ ਬਿਰਹੋਂ, ਹੁਣ ਮੈਂ ਬਿਰਹੋਂ ਦੇ ਵੱਸ ਵੇ
ਪ੍ਰੀਤ ਕਚੇਰੀ ...........

ਮੋਇਆ ਦੇ ਸਾਨੂੰ ਆਉਂਦੇ ਸੁਪਨੇ ਡੂੰਘੇ ਵੈਣ ਸੁਣੀਂਦੇ
ਦਰਦ-ਭਿੰਨੀ ਗੱਲ ਛੇੜਨ ਤਾਰੇ ਰੱੜਕਣ ਨੈਣ ਉਨੀਂਦੇ
ਹੰਝੂ ਡੋਬ ਇਲਾਕਾ ਹੈ ਇਹ ਹੋਰ ਥਾਂ ਬੱਦਲਾਂ ਵੱਸ ਵੇ
ਪ੍ਰੀਤ ਕਚੇਰੀ ..........

ਪੱਥਰ ਜੀਭ ਤੇ ਸੁਤੀਆਂ ਨਾੜਾਂ ਮੁੱਖ ਥੀਂ ਬੋਲ ਨਾ ਹੋਵੇ
ਮਯੂਸ ਗਿਰਾਂ ਮੈਂ ਵਸਦੀ ਹੋਵਾਂ ਕੋਈ ਵੀ ਕੋਲ ਨਾ ਹੋਵੇ
ਵਰ੍ਹਾਂਵੇ ਨਾ ਕੋਈ ਰੋਂਦਿਆਂ ਸਾਨੂੰ ਨਾ ਕੋਈ ਆਖੇ ਹੱਸ ਵੇ
ਪ੍ਰੀਤ ਕਚੇਰੀ ਕੱਲਰੀ......

ਤੇਜ਼ ਬੋਸ਼ਾੜ ਸਮੇਂ ਨੇ ਕੀਤੀ ਖੁਰ ਗਏ ਹੁੱਸਨ ਕਿਨਾਰੇ
ਜ਼ਿੰਦਗੀ ਦੇ ਵਿੱਚ ਪੱਤਝੜ ਆਈ ਅੰਗ ਫਿੱਕੇ ਹੋਏ ਸਾਰੇ
ਤੀਰ ਨੇਂਣਾਂ ਦੇ ਗਏ ਜੰਗਾਲੇ ਮਾਰੇ ਕਦੀ ਜੋ ਕੱਸ ਵੇ
ਪ੍ਰੀਤ ਕਚੇਰੀ .........

ਸਰਘੀ ਵੇਲੇ ਨੰਗੇ ਪੈਰੀ ਪੌਣਾਂ ਦਰ 'ਤੇ ਆਈਆਂ
ਭੌਰੀਆਂ ਭਰੇ ਪੈਰ ਫਫੋਲੇ ਚੁੰਮ ਕੇ ਸੀਨੇ ਲਾਈਆਂ
ਪੁੱਛਣ ਮੈਥੋਂ ਇਸ ਵਣਜ 'ਚ ਖੱਟਿਆ "ਕਾਹਲ" ਕੀ ਦਸ ਵੇ
ਰਹੋ ਵੇ ਇਸ਼ਕਾ ਰਹੋ ਦੁਰੇਡੇ ਤੇਰੀ ਸਾਡੀ ਬਸ ਵੇ।
ਪ੍ਰੀਤ ਕਚੇਰੀ ਕੱਲਰੀ ਨਾਗਿਨ ਜਾਵੇ ਨਾ ਕਿਤੇ ਡੱਸ ਵੇ।

✡✡

# ਗੀਤ

ਚਰਚਾ ਲੋਕਾਂ ਦਿਆਂ ਹੋਂਠਾਂ ਉੱਤੇ ਹੈ ਸ਼ਰ੍ਹੇਆਮ
ਅਸੀਂ ਆਪਣੇ ਹੀ ਕੰਨੀ ਖ਼ੁੱਦ ਸੁਣੀ ਹੈ ਇਹ ਗੱਲ
ਜਾਗੇ ਰਾਤ ਸਾਡੇ ਸੰਗ ਦਿਨੇ ਕਰਦੀ ਆਰਾਮ
ਅਸਾਂ ਨੇੜੇ ਨੇੜੇ ਬੈਠ ਕੀਤੇ ਨਿੱਕੇ ਨਿੱਕੇ ਦੁੱਖ
ਸਾਡੇ ਸੁਣ ਸੁਣ ਦੁੱਖ ਸਕੋੜੇ ਕੰਵਲਾਂ ਨੇ ਮੁੱਖ
ਜਾਨ ਲਬ੍ਹਾਂ ਉੱਤੇ ਆਈ ਭੌਰੇ ਪਾਂਵਦੇ ਦੁਹਾਈ
ਮਦ ਮਸਤ ਗਏ ਝਪੀੜੇ ਜਦ ਹੋ ਗਈ ਸ਼ਾਮ
ਚਰਚਾ ਲੋਕਾਂ ਦਿਆਂ ਹੋਂਠਾਂ.........

ਸਾਨੂੰ ਜਾਪੇ ਅੱਜ ਮੱਸਿਆ ਨੂੰ ਮਾਤਾ ਨਿੱਕਲ ਆਈ
ਛਾਲੇ ਤਾਰਿਆਂ ਦੇ ਪਿੰਡੇ ਉਹਦੇ ਦਿੰਦੇ ਨੇ ਦਿਖਾਈ
ਰੀਝਾਂ ਕੰਜਕਾਂ ਬੇਠਾਓ ਭੇਂਟ ਪੱਕੀ ਰਾਮ ਗਾਓ
ਕਰੋ ਅਜ ਦੀਓ ਸ਼ਾਮ ਬਸ ਮਾਤਾ ਜੀ ਦੇ ਨਾਮ
ਚਰਚਾ ਲੋਕਾਂ ਦਿਆਂ ਹੋਂਠਾਂ .........

ਵੈਣ ਕਰ ਦਰਦੀਲੇ ਰਿਸ਼ਮਾਂ ਚੰਨ ਦੀਆਂ ਰੋਣ
ਲੈ ਦੁਪੱਟਾ ਫਟੇ ਬੱਦਲ ਵਰਾਉਂਣ ਲੱਗੀ ਪੌਣ
ਹਟਕੋਰੇ ਹੋਰ ਉੱਚੇ ਹੋਏ ਸੁਣ ਸਾਰੇ ਹੀ ਰੋਏ
ਪਲਕਾਂ ਤ੍ਰੇਲ ਨਾਲ ਭਰ ਲਈਆਂ ਕੁਦਰਤ ਤਮਾਤ
ਚਰਚਾ ਲੋਕਾਂ ਦਿਆਂ ਹੋਂਠਾਂ .........

ਪ੍ਰਭਾਤਾਂ ਆਈਆਂ ਨੇ ਮੁਕਾਣੀ ਦੂਹਰੇ ਘੁੰਡ ਸੂਹੇ ਮੁੱਖ
ਕੁੜਮਾਚਾਰੀ ਏ ਸਕੀਰੀ "ਕਾਹਲ" ਠੱਠਿਆਂ ਦੀ ਭੁੱਖ
ਰਾਤਾਂ ਗੋਰੀਆਂ ਬੁਲਾਓ ਚੰਗਾ ਚੋਖਾ ਨੀ ਪਕਾਓ
ਸੋਫ਼ੀ ਸਾਹਾਂ ਦਾ ਓ ਇੱਕ ਇੱਕ ਹੋ ਜਾਏ ਜਾਮ
ਚਰਚਾ ਲੋਕਾਂ ਦਿਆਂ ਹੋਂਠਾਂ ਉੱਤੇ ਹੈ ਸ਼ਰ੍ਹੇਆਮ

✡✡

## ਸੂਹੀ ਲੈ ਕੇ ਫੁੱਲਕਾਰੀ

ਸੂਹੀ ਲੈ ਕੇ ਫੁੱਲਕਾਰੀ ਪੱਛੋ ਬੱਦਲੀ ਦੁਮੇਲ
ਕੰਤ ਰੁੱਸਿਆ ਓ ਚਾਨਣਾ ਮਨਾਉਣ ਨੀ ਲੱਗੀ
ਖੋਲ ਮੱਸਿਆ ਦੇ ਦਰ ਕਾਲੀ ਰੈਣ ਨੀ ਸਿਆਲੀ
ਨੱਸ ਚੰਦਰੀ ਓ ਸਾਡੇ ਵਲ ਆਉਣ ਨੀ ਲੱਗੀ
ਚੱਲੇ ਠੰਡੀ ਮਿੱਠੀ ਪੌਣ, ਰੁੱਖ ਸ਼ੂਕ ਸ਼ੂਕ ਗਾਉਣ
ਬੁੱਲ੍ਹ ਕਲੀਆਂ ਦੇ ਕੂਲੇ ਕੂਲੇ ਫਰਕੇ।
ਰੰਗ ਜੋਬਨ ਗੁਲਾਬੀ, ਉੱਡੇ ਡੋਰੀਆ ਉਨਾਬੀ
ਕੋਈ ਹੁਸਨ ਫਰੋਲ ਰਿਹਾ ਵਰਕੇ।
ਫੜ ਚੰਨ ਦੇ ਨੀ ਪੈਰ, ਮੰਗੇ ਦੀਂਦ ਦੀ ਖੈਰ
ਭੁੱਲ ਕੀਤੀ ਹੋਈ ਰੁੱਤ ਬਖ਼ਸ਼ਾਉਣ ਨੀ ਲੱਗੀ
ਸੂਹੀ ਲੈ ਕੇ ਫੁੱਲਕਾਰੀ .........

ਕੌਣ ਦੁੱਖਾਂ ਦਾ ਨੀ ਸਕਾ, ਚੜਿਆ ਬੱਕਰਮਾਰ ਕੱਕਾ,
ਦਿਲ ਕਮਜ਼ੋਰ ਪਹਿਲਾਂ ਹੀ ਬਹਾਰਾਂ ਦਾ।
ਕਿੰਜ ਲੈਣ ਨੀ ਸਹਾਰ, ਉੱਤੋਂ ਗੜਿਆਂ ਦੀ ਮਾਰ,
ਮੁੱਖ ਤਿੱਖਾ ਤਿੱਖਾ ਉਨ੍ਹਾਂ ਵਲ ਖਾਰਾ ਦਾ।
ਸੀਤ ਪੋਹ ਦੇ ਮਹੀਨੇ, ਲਾ ਕੇ ਸੁਪਨੇ ਨੀ ਸੀਨੇ,
ਪ੍ਰੀਤ ਸੁਲਗਦੀ ਅੱਗ ਨੂੰ ਬੁਝਾਉਣ ਨੀ ਲੱਗੀ।
ਕਿਹਾ ਕਿਰਨਾਂ ਨੂੰ ਲੱਖ, ਤੁਸੀਂ ਪੂਰੋ ਸਾਡਾ ਪੱਖ,
ਆਖੇ ਲੱਗੀਆਂ ਨਾ ਰਤਾ ਵੀ ਕੁਪੱਤੀਆਂ।
ਸਾਨੂੰ ਖਾਣ ਨੂੰ ਉਹ ਪੈਣ, ਲਏ ਸ਼ਰਾਬੀ ਜਿਹੇ ਨੈਣ,
ਅੱਖਾਂ ਕੱਢ ਕੱਢ ਲਾਲ ਸੂਹੀਆਂ ਰੱਤੀਆਂ।
ਪੀੜ ਹੋ ਕੇ ਨਿਰਾਸ਼ ਗਈ ਗ਼ਮਾਂ ਦੇ ਨੀ ਪਾਸ,
ਗੀਤ ਹੇਰਵੇ ਦਾ ਹੁੰਬਕੀ ਉ ਗਾਉਣ ਨੀ ਲੱਗੀ।
ਜਦ ਬੀਤ ਗਈ ਰਾਤ, ਹੱਥ ਫੜ ਪ੍ਰਭਾਤ,
ਕੋਲ ਅਸਾਂ ਦੇ ਓ ਚਾਨਣਾ ਲਿਆਈਏ।
ਰਹੋ ਸੁੱਖਾਂ ਤੋਂ ਨਾ ਵਾਝੇ ਦੁੱਖ ਸੁੱਖ ਕਰੋ ਸਾਂਝੇ

ਚੰਗੀ ਹੁੰਦੀ ਨਾ ਓ ਦਿਲਾਂ ਦੀ ਜੁਦਾਈ ਏ।
"ਕਾਹਲ" ਉੱਡ ਪਏ ਪਰਿੰਦੇ ਤੂੰ ਵੀ ਉੱਡ ਜਾਹ ਨੀ ਜਿੰਦੇ
ਹੱਦਾਂ ਬੰਨੇ ਮੈਰ ਤੈਰ ਜੇ ਮਿਟਾਉਣ ਨੀ ਲੱਗੀ।
ਸੂਹੀ ਲੈ ਕੇ ਫੁੱਲਕਾਰੀ ਪੱਛੋ ਬੱਦਲੀ ਦੁਮੇਲ ..........

## ਗੀਤ

ਵਿਰਾਨ ਦਿਲ ਓ ਮੇਰਾ ਰੱਕੜਾ 'ਚ ਬੈਠ ਗਾਵੇ
ਪੋਹਲੀ ਜਵਾਹੇ ਭੱਖੜੇ ਦੇ ਖਾਰ ਸੀਨੇ ਲਾਵੇ
ਦਿਲ ਦੀ ਧਰਤ 'ਤੇ ਉੱਡਦੇ ਮੇਰੇ ਮਾਰੂਥਲ ਦੇ ਰੇਤੇ
ਨੱਸ ਧੁੰਦਲੇ ਧੁੰਦਲੇ ਹੋ ਗਏ ਹਿਰਨਾਂ ਦੇ ਪਿੱਛੇ ਚੇਤੇ
ਨੈਣਾਂ ਨੂੰ ਥੱਲ ਲੂੰ ਮੱਘਦੀ ਪਾਣੀ ਭੁਲੇਖਾ ਪਾਵੇ।
ਵਿਰਾਨ ਦਿਲ ਓ ਮੇਰਾ ............

ਚੰਦਰੀ ਤੜਪ ਧੁੱਪ ਤੱਤੀ ਸਾਡੇ ਚੈਨ ਤਾਈਂ ਕਹਿ ਗਈ
ਬਿਰਹੋਂ ਦੀ ਇੱਲ ਉੱਡ ਕੇ ਚਾਅ ਬੋਟ ਸਾਡੇ ਲੈ ਗਈ
ਜੰਡ ਰੋਹੀ ਵਾਂਗ ਬੁੱਤ ਵੀ ਉਦਾਸੀਆਂ ਹੰਡਾਵੇਂ
ਵਿਰਾਨ ਦਿਲ ਓ ਮੇਰਾ ...........

ਆਸਾਂ ਦੇ ਕਿਊੜੇ ਉਪਰੋਂ ਅੱਜ ਪ੍ਰੀਤ ਉੱਡੀ ਫੁੱਟ ਕੇ
ਮਯੂਸ ਮਹਿਕਾਂ ਹੋਈਆਂ ਗ਼ਮ ਗੱਡੇ ਚੱਲੇ ਕੁੱਟ ਕੇ
ਰੋੜ ਹੇਰਵੇਂ ਦੇ ਭੁੰਨ ਕੇ ਕੋਈ ਹੋਲ੍ਹਾਂ ਵਟੇ ਖਾਵੇ।
ਵਿਰਾਨ ਦਿਲ ਓ ਮੇਰਾ ..........

ਅੰਗੂਰੀ ਖੁਸ਼ੀਆਂ ਦੀ ਪੂਰੀ ਪੱਛੋ ਦੇ ਝੋਲੇ ਤਿੱਖੇ
ਹਰਫ਼ ਤਾਂ ਉਹੀ ਰਹਿਣੇ ਜੋ ਪੱਥਰਾਂ 'ਤੇ ਲਿਖੇ
ਉਹ ਮੌਤ ਵੱਲ ਖਾਦਾ ਵਿਰੋਲਾ ਉੱਡਦਾ ਆਵੇ
ਵਿਰਾਨ ਦਿਲ ਓ ਮੇਰਾ ...........

ਪੀੜਾਂ ਦੇ ਅਸੀਂ ਆਦੀ ਹਾਸੇ ਨਾ ਰਾਸ ਆਉਂਦੇ
ਦੁੱਖ ਹਾਵਾਂ ਹੰਝੂ ਹੌਂਕੇ ਝੁੰਮਰ ਚੁਫੇਰ ਪਾਉਂਦੇ
"ਕਾਹਲ" ਦਰਦਾਂ ਮਾਰਾ ਆਖੇ ਕੋਈ ਦਰਦ ਰਹੇ ਨਾ ਜਾਵੇ
ਵਿਰਾਨ ਦਿਲ ਓ ਮੇਰਾ ਰੱਕੜਾ 'ਚ ਬੈਠ ਗਾਵੇ
ਪੋਹਲੀ ਜਵਾਹੇ ਭੱਖੜੇ ਦੇ ਖਾਰ ਸੀਨੇ ਲਾਵੇ।

✡✡

# ਪੀੜ ਨੰਗੇ ਪੈਰੀ

ਬੰਨ੍ਹ ਨਿੱਕੇ ਨਿੱਕੇ ਘੁੰਗਰੂ ਓ ਪੀੜ ਨੰਗੇ ਪੈਰੀ
ਦਰ ਤੇਰੇ 'ਤੇ ਧਮਾਲਾਂ ਅੱਜ ਪਾਂਵਦੀ ਪਈ
ਸੂਹੀ ਆਥਣੇ ਦੀ ਬੱਦਲੀ ਪ੍ਰੀਤ ਦੀ ਹਿੱਕ
ਚਿਰਾਗ ਹੰਝੂਆਂ ਦੇ ਗੋਰੇ ਹੱਥੀਂ ਲਾਂਵਦੀ ਪਈ
ਸਾਡੇ ਭੁੱਖਣ ਭਾਣੇ ਮੋਹ ਨੂੰ ਤੇਰੇ ਪੌਣਾਂ ਮਿਲੇ ਸਾਹ ਦੀ
ਧੂੰਹ ਜੇਹੀ ਪੈਂਦੀ ਨੂੰ ਧਰਾਸ ਕੁਝ ਆਵੇ
ਇਹਨੂੰ ਭੁੱਸ ਏ ਕਸੂਤੀ ਉੱਠ ਅੱਧੀ ਅੱਧੀ ਰਾਤੀ
ਝੋਲ੍ਹ ਤਾਰਿਆਂ ਦੇ ਹੰਝੂ ਨੀ ਇਹ ਚੁੰਨ ਚੁੰਨ ਖਾਵੇ
ਸਿਰ ਤੋਂ ਮਿਰਚਾਂ ਨੂੰ ਵਾਰ ਹਰ ਮੰਗਲ ਸ਼ਨੀ ਵਾਰ
ਪਕਾ ਕੇ ਰੋਟ ਮਿੱਠੇ ਪੀਰ ਧਿਆਂਵਦੀ ਪਈ
ਮਾਰਾਂ ਝੱਲ ਵੱਲਲੀਆ ਬੇਹੋਸ਼ਿਆਂ ਦੇ ਵਾਂਗ ਨੀ ਮੈਂ
ਸਾਰੀ ਸਾਰੀ ਰੈਣ ਉਹਦੀ ਕਬਰ ਦੇ ਅੱਗੇ
ਰਾਤ ਭਿੰਨੀ ਭਿੰਨੀ ਸਿੱਲ੍ਹੀ ਪਾਉਂਦੀ ਚਾਨਣੀ ਨੀ ਖਿੱਲ੍ਹੀ
ਨਾਚ ਤਾਂਡਵ ਇਹ ਸਾਨੂੰ ਕੋਈ ਅਰਸ਼ਾਂ ਦਾ ਲੱਗੇ
ਦੱਸਾਂ ਸਰੂਰ ਤੁਹਾਨੂੰ ਕਿੰਜ ਇਹ ਤਾਂ ਰੂਹਾਂ ਦੀ ਸੀ ਛਿੰਜ
ਮਦ ਮਸਤਾਂ ਨੂੰ ਮਸਤੀ ਮਨਾਵਦੀ ਪਈ
ਦੇਖੋ ਵੱਟ ਕੇ ਕਸੀਸਾਂ ਪੀ ਕੇ ਕੌੜੀਆਂ ਨੀ ਚੀਸਾਂ
ਕੰਵਲ ਦਿਲ ਦੇ ਉਹ ਚੋਰੀ ਗੈਰਾਂ ਘਰ ਧਰ ਆਵੇ
ਰਹੀ ਇਹੋ ਸਦਾ ਝਾਕ ਕਦ ਹੋਣਗੇ ਉਡਾਂਕ
ਨੀ ਉਹ ਪ੍ਰੀਤ ਵਿਛੂੰਨਿਆਂ ਨੂੰ ਗਲ ਨਾਲ ਲਾਵੇ
ਕਰ ਵੈਣ ਦਰਦੀਲਾ ਕੁੱਲ ਝੰਗੀਆਂ ਦੇ ਉਹਲੇ
ਬੱਚੇ ਕਾਂਗਾਂ ਕੋਲੋਂ ਆਪਣੇ ਬੁਲਾਂਵਦੀ ਪਈ
ਸੁਣ ਪੁਰੇ, ਦੀਏ ਪੌਣੇ ਖੜਕਾਈ ਨਾ ਨੀ ਪੱਤ
ਮਸਾਂ ਚਾਨਣਾ ਪਲੇਠਾ ਸਾਡਾ ਸੁੱਤਾ ਨੀ
ਤ੍ਰੇੜਿਆਂ ਲਬ੍ਹਾਂ ਦੇ ਇਹਨੂੰ ਚੁੱਭਦੇ ਨੇ ਖਾਰ ਤਿੱਖੇ
ਚੁੰਮਨ ਨਾ ਭਰੀ ਕੋਈ ਕਰੁੱਤਾ ਨੀ
ਫਟੇ ਬੱਦਲਾਂ ਦੇ ਵਾਂਗੂ ਫਟੀ ਛਾਂ ਉਮਰਾਂ ਦੀ
"ਕਾਹਲ" ਹੇਰਵੇ ਤੇ ਗ਼ਮਾਂ ਉੱਤੇ ਆਂਵਦੀ ਪਈ
ਬੰਨ ਨਿੱਕੇ ਨਿੱਕੇ ਘੂੰਗਰੂ ਓ ਪੀੜ ਨੰਗੇ ਪੈਰੀ
ਦਰ ਤੇਰੇ 'ਤੇ ਧਮਾਲਾਂ ਅੱਜ ਪਾਂਵਦੀ ਪਈ

## ਬੇ-ਬਸੀ ਬਿੰਗ ਫਸਾਏ ਸੱਜਣਾ

ਬੇ-ਬਸੀ ਬਿੰਗ ਫਸਾਏ ਸੱਜਣਾ
    ਲੋਕ ਕਸਾਈ ਕਹਿ ਗਏ

ਨਰੜੀ ਜਿੰਦ ਨਾਗ ਵਲ ਪਾ ਕੇ ਜ਼ੋਰ ਲਗਾਉਂਦੇ ਰਹਿ ਗਏ।
ਹੱਫ ਗਏ ਤੁਰ ਤੁਰ ਸਿਖਰ ਦੁਪਹਿਰੇ ਵਾਟਾਂ ਲੰਮ-ਸਲੰਮੀਆਂ
ਢਲ ਪਏ ਧੌਲਿਆਂ ਦੇ ਪਰਛਾਵੇਂ ਸਮੇਂ ਨਾ ਦਿੱਤੀਆਂ ਥੰਮੀਆਂ।
ਹਿਜਰਾਂ ਦੀ ਅੰਬੀ ਦੇ ਛਾਵੇਂ ਗ਼ਮ ਆਪਣਾ ਲੈ ਬਹਿ ਗਏ
        ਨਰੜੀ ਜਿੰਦ ..................

ਮੋਹ ਵਿਹੂਣੀ ਬੰਜਰ ਦੇਹੀ ਸੁਪਨੇ ਵੀ ਸੁੱਕ ਚਲੇ
ਰੱਤ ਦਾ ਪਾਣੀ ਦੇ ਦੇ ਸਿੰਜਿਆ ਕੱਖ ਪਿਆ ਨਾ ਪੱਲੇ
ਚਿਕਨੇ ਪੱਤ ਤੋਂ ਤ੍ਰੇਲ ਭੁਲੇਖੇ ਨੈਣ ਰੰਤੋਧੇ ਵਹਿ ਗਏ
        ਨਰੜੀ ਜਿੰਦ ................

ਖੋਰ ਖੋਰ ਕੇ ਹੌਂਕੇ ਹਾਵਾਂ ਰਾਤ ਦੇ ਅੰਗ ਧੁਆਵਾ
ਕੁੰਗ ਕਟੋਰੀ ਭਰ ਰਿਸ਼ਮਾਂ ਦੀ ਸੂਹੇ ਮੁੱਖ ਥੀਂ ਲਾਵਾ
ਕਰੇ ਗਲੋਰੀਆਂ ਥੂੰ ਥੂੰ ਕਰਕੇ ਚਾਅ ਸੋਗ ਸਭ ਗਹਿ ਗਏ
        ਨਰੜੀ ਜਿੰਦ ...............

ਰੁੰਡੇ ਰੁੱਖ ਮਰੁੰਡੀਆਂ ਛਾਵਾਂ ਪੰਛੀ ਆਸ ਨਿਰਾਸ਼ੇ
ਚਿੰਤਾ ਸਿਉਂਕ ਸਬਰ ਮੁੱਢ ਖਾਵੇ "ਕਾਹਲ" ਜਾਏ ਕਿਸ ਪਾਸੇ
ਬੁੱਲ੍ਹ ਟੁੱਕ ਸਿਰ ਪਲੋਸੇ ਪੀੜਾਂ ਪੀੜ ਵਿੱਚੋਂ ਵਿੱਚ ਸਹਿ ਗਏ
ਬੇ-ਬਸੀ ਬਿੰਗ ਫਸਾਏ ਸੱਜਣਾ
    ਲੋਕ ਕਸਾਈ ਕਹਿ ਗਏ।

✡✡

## -ਗੀਤ-

ਸੱਜਣਾ ਓ ਜ਼ਖ਼ਮ ਤੇਰੇ, ਨਾ ਸੌਣ ਦੇਣ ਸਾਨੂੰ।
ਹੱਸਣ ਵੀ ਨਾ ਇਹ ਦਿੰਦੇ, ਨਾ ਰੋਣ ਦੇਣ ਸਾਨੂੰ।
ਸੱਜਣਾ ਓ ਜ਼ਖ਼ਮ ਤੇਰੇ ........

ਹੰਝ ਭਿਉਂ ਭਿਉਂ ਫੇਹੇ ਰੱਖਾਂ,
ਚੰਦਰੇ ਨਾ ਦਰਦ ਸਹਿੰਦੇ।
ਤੁਸੀ ਚੁੱਕ ਲਓ ਪੋਟੇ ਕੂਲੇ,
ਨਾ ਪਲੋਸੋ ਸਾਨੂੰ ਕਹਿੰਦੇ।
ਇਹ ਭਰੇ ਹੋਏ ਨੇ ਵਿੱਸ਼ ਦੇ,
ਉੱਪਰੋਂ ਨਰੋਏ ਦਿੱਸਦੇ,

ਮਰ੍ਹਮ ਦਿਲਾਸਿਆਂ ਦੀ ਭਿੰਨ੍ਹੀ,
ਵੀ ਨਾ ਲਾਉਣ ਦੇਣ ਸਾਨੂੰ।
ਸੱਜਣਾ ਓ ਜ਼ਖ਼ਮ ਤੇਰੇ ........

ਸਾਡੀ ਪ੍ਰੀਤ ਦੀ ਗੁਆਹੀ, ਭਰੀ ਚੰਨ ਤਾਰਿਆਂ ਨੇ,
ਮੇਰਾ ਕਰਾਰ ਲੁੱਟਿਆ, ਤੇਰੇ ਝੂਠੇ ਲਾਰਿਆਂ ਨੇ।
ਸ਼ਾਲਾ ਇਹ ਜੱਮ ਜੱਮ ਜੀਵਨ, ਚਾਹੇ ਖ਼ੂਨ ਮੇਰਾ ਪੀਵਣ,
ਸਾਹ ਸੁਖ ਦਾ ਦੇਖੋ ਇੱਕ ਵੀ, ਨਾ ਆਉਣ ਦੇਣ ਸਾਨੂੰ।
ਸੱਜਣਾ ਓ ਜ਼ਖ਼ਮ ਤੇਰੇ ...........

ਪੱਛ ਕੂਲੇ ਪਿੰਡੇ ਪਾਉਂਦੇ, ਤੇਰੇ ਆਣ ਭੁੱਲੇ ਚੇਤੇ,
ਉਤਨੇ ਹੀ ਉੱਕਰੇ ਗਏ ਨੇ, ਦਿਲੋਂ ਭੁਲਾਏ ਜੇਤੇ,
ਲੇਪ ਰਿਸ਼ਮਾਂ ਦਾ ਕਰਦੀ, ਨੀ ਮੈਂ ਡੁੱਖਣ ਤੋਂ ਡਰਦੀ,
ਦਾਗ ਪੂਨਮ ਦੇ ਮੁੱਖ ਦਾ, ਨਾ ਧੋਣ ਦੇਣ ਸਾਨੂੰ।
ਸੱਜਣਾ ਓ ਜ਼ਖ਼ਮ ਤੇਰੇ ..........

ਸਾਨੂੰ ਦਿਨ ਦੀਵੀ ਸੱਜਣਾ, ਦੀ ਪ੍ਰੀਤ ਨੇ ਹੈ ਲੁੱਟਿਆ,
ਮੋਹ ਮਨ ਵਿੱਚੋਂ ਉੱਠਿਆ, ਸੋਮਾ ਵਿਰਾਗ ਫੁੱਟਿਆ,
ਇਹ ਜ਼ਖ਼ਮ ਨੇ ਨਿਆਰੇ, ਲਗਦੇ ਨੇ ਸਾਨੂੰ ਪਿਆਰੇ,
“ਕਾਹਲ” ਕੀਰਨਾ ਕਰੁੱਤਾ, ਨਾ ਕੋਈ ਗਾਉਣ ਦੇਣ ਸਾਨੂੰ,
ਸੱਜਣਾ ਓ ਜ਼ਖ਼ਮ ਤੇਰੇ, ਨਾ ਸੌਣ ਦੇਣ ਸਾਨੂੰ।

## ਬਿਰਹੋ ਸ਼ਹਿਣਸ਼ਾਹ

ਬਿਰਹੋ ਉੱਚਾ ਸ਼ਾਹ ਤੋਂ ਸਿਰ ਸ਼ਾਹਾਂ ਦਾ ਸ਼ਾਹ
ਸੁਲਤਾਨ ਕਰੇਂਦੇ ਸਯਦਾ ਸੁਣੀਂਦਾ ਸ਼ਹਿਣਸ਼ਾਹ

ਸਰਗਮ ਬਣਾਈ ਬਿਰਹੋ ਸਾਡੇ ਸੀਨੇ ਛੇਂਕ ਸੱਤ ਮਾਰ
ਜਦ ਅੰਦਰ ਨੂੰ ਸਾਹ ਖਿੱਚਦੀ ਸੁਰ ਬਿਰਹੋ ਨਿਕਲੇ ਬਾਹਰ
ਬਿੰਨ ਬਿਰਹੋ ਹੱਡ ਇਹ ਸੰਦਲੀ ਮੈਂ ਦੇਵਾਂ ਚੁੱਲ੍ਹੇ ਡਾਹ
ਸੁਲਤਾਨ ਕਰੇਂਦੇ ਸਯਦਾ ...........

ਮੌਂਗਾਂ ਪੁਖਰਾਜ਼ ਨੀਲਮਾਂ ਤੋਂ ਉੱਚਾ ਇਸ ਦਾ ਮੁੱਲ
ਹੀਰੇ ਮਣੀਆਂ ਰਤਨ ਵੀ ਹੋਣ ਨਾ ਇਸ ਦੇ ਤੁੱਲ
ਇੱਕੀ ਬਾਦਸ਼ਾਹੀ ਲਾਲ ਇਹ ਸੁੱਚੜਾ ਮਾਰੇ ਸੂਹੀ ਭਾਂਹ
ਸੁਲਤਾਨ ਕਰੇਂਦੇ ਸਯਦਾ ...........

ਮਲ ਵਟਨਾ ਚੰਦਨ ਲੇਪ ਦਾ ਕਿਰਨਾਂ ਨੇ ਖਾਰੇ ਚਾੜ੍ਹਿਆ
ਮੈਂ ਪੀਵਾਂ ਕੁੰਗੂ ਵਾਰ ਕੇ ਮੇਰੀ ਪ੍ਰੀਤ ਬੰਨੀ ਦੇ ਲਾੜਿਆ
ਤੇਰੀ ਵਾਗ ਗੁੰਦੇਦੀ ਚਾਂਦਨੀ ਤਨਹਾਈਆਂ ਵਿੱਚ ਜਾਹ
ਸੁਲਤਾਨ ਕਰੇਂਦੇ ਸਯਦਾ .............

ਲੋਕੀ ਪੂਜੇ ਰਾਮ ਰਹੀਮ ਨੂੰ ਵੇ ਮੈਂ ਬਿਰਹੋ ਕਰਦੀ ਧੂਫ਼
ਭਾਵੇਂ ਸਾਵੇ ਜ਼ਰਦ ਹੈ ਕਰ ਗਿਆ ਮੇਰੇ ਸੂਹੇ ਅੰਗ ਇਹ ਚੂਪ
ਰੱਤ ਉਕ ਘੁੱਟ ਭਰੇ ਚੁਲ੍ਹੀਆਂ ਮੈਂ ਸੋਦੀ ਸੀਨੇ ਲਾਅ
ਸੁਲਤਾਨ ਕਰੇਂਦੇ ਸਯਦਾ ..........

ਮੇਰੇ ਰੋਮ ਰੋਮ ਵਿੱਚ ਵੱਸ ਗਿਆ ਕਸਤੂਰੀ ਮਹਿਕ ਖਿਲਾਰ
ਟਿੱਬਿਓ ਹਿਰਨ ਮੁਹੱਬਤ ਆ ਰਹੇ ਤ੍ਰਿਸ਼ਨਾ ਚੌਂਕੜੀ ਮਾਰ
ਸੁਣ ਬਿਰਹੋ ਕੂੰਕ ਦੁਰੇਂਡੜੀ ਨੱਸ ਚਿੱਤਰੇ ਗਏ ਨੇ ਆ
ਸੁਲਤਾਨ ਕਰੇਂਦੇ ਸਯਦਾ ...........

ਇਹਦੇ ਚਾਅ ਦਾ ਇੱਜੜ ਨਾ ਚਰੇ ਸਾਡੇ ਗ਼ਮ ਦਾ ਕਾਠਾ ਚੈਨ
ਸਾਨੂੰ ਲਾ ਮੁਆਤੇ ਸਾੜਦੀ ਤ੍ਰੇਲ ਭਿੰਨੀ ਨਿੱਤ ਰੈਣ
ਕਰ ਡੱਕਰੇ ਪਰੋਸਾ ਕਾਲਜਾ ਤੇ ਮਿੰਨਤ ਕਰਾ ਕੁਝ ਖਾਹ
ਸੁਲਤਾਨ ਕਰੇਂਦੇ ਸਯਦਾ .............

ਬਣਾ ਵਰਮੀ ਦਿਲ ਮੁੰਢ ਬੈਠ ਜਾਏ ਮੈਂ ਰੋਜ਼ ਕਰਾ ਫਰਿਆਦ
ਮੇਰੇ ਸੁਰਖ਼ ਹੋਂਠਾਂ 'ਤੇ ਮੇਲਦੀ ਇਹਦੀ ਕੱਲਰੀ ਨਾਗਿਨ ਯਾਦ
"ਕਾਹਲ" ਹਿੱਕ ਅਸਾਡੀ ਬੈਠ ਕੇ ਤੇ ਸ਼ਾਹ ਰੱਗ ਪੀਵੇ ਸਾਹ
ਬਿਰਹੋ ਉੱਚਾ ਸ਼ਾਹ ਤੋਂ ਸਿਰ ਸ਼ਾਹਾਂ ਦੇ ਸ਼ਾਹ।

✡✡

## ਗੀਤ

ਨਾ ਚੁੱਪ ਕਰਾਓ ਸੱਜਣਾ ਅੱਜ ਰੋਣ ਦੇਓ ਸਾਨੂੰ
ਮੇਰੇ ਨੈਣ ਹਨ ਮਲੂਟੇ ਕੁਝ ਧੋਣ ਦੇਓ ਸਾਨੂੰ
ਜੁਦਾਈ ਦੀ ਧੂੜ ਸੰਘਣੀ ਦੀ ਪਰਤ ਇਸ 'ਤੇ ਚੜ੍ਹ ਗਈ
ਇਹ ਤੰਗਦਿਲ ਦੁਨੀਆ ਮੇਰਾ ਰਸਤਾ ਰੋਕ ਖੜ ਗਈ
ਕਿਤੇ ਨਫ਼ਰਤਾਂ ਘਾਰੇ ਚਿੰਬੜੇ ਨੇ ਭਰਮ ਗਾਰੇ
ਦਿਲ ਦੇ ਓ ਕੋਰੇ ਲੱਠਿਓ ਅੱਜ ਲਾਹੁਉਣ ਦੇਓ ਸਾਨੂੰ
ਨਾ ਚੁੱਪ ਕਰਾਓ ਸੱਜਣਾ ...............

ਇੱਕ ਆਸ ਕਣ ਕਸੂਤਾ ਨੈਣੀ ਪਲਕ ਹੇਠ ਰੜਕੇ
ਮਿੱਤ ਮੋਇਆ ਯਾਦ ਆਇਆ ਸਾਨੂੰ ਸਰਘੀ ਵੇਲੇ ਤੜਕੇ
ਬਹਾਰਾਂ ਨੰਗੇ ਪੈਰੀ ਆਈਆਂ ਬੁਲ੍ਹੀਆਂ 'ਚ ਗੁਣ ਗੁਣਾਈਆਂ
ਕਹਿਣ ਹਿਜਰ ਗੀਤ ਡੂੰਘਾ ਕੋਈ ਗਾਉਣ ਦਿਓ ਸਾਨੂੰ
ਨਾ ਚੁੱਪ ਕਰਾਓ ਸੱਜਣਾ ..............

ਪ੍ਰਭਾਤ ਵੈਣ ਪਾਉਂਦੀ ਬਿਰਹੋ ਦੇ ਪੌਣਾਂ ਡਿੱਠੀ
ਲੈ ਜਾਓ ਸਾਡੇ ਖੁਆਬੀ ਕੋਈ ਹੱਥ ਲਿਖਤ ਚਿੱਠੀ
ਨਾ ਵਿਹੜੇ ਸਾਡੇ ਆਵਣ ਸਾਨੂੰ ਹੋਰ ਨਾ ਸਤਾਵਣ
ਮੇਰੇ ਦੁੱਖ ਬੜੇ ਉਨੀਂਦੇ ਰਤਾ ਸੋਣ ਦਿਓ ਸਾਨੂੰ
ਨਾ ਚੁੱਪ ਕਰਾਓ ਸੱਜਣਾ ...............

ਸੱਜ ਧੱਜ ਕੇ ਹਾਸਿਆਂ ਦੀ ਬਰਸੀ ਦਾ ਦਿਨ ਮਨਾਇਆ
ਜੇਬਾਂ ਓ ਲਾਕੇ ਪੀੜਾਂ ਹੈ ਕਫ਼ਨ ਗ਼ਮ ਸਵਾਇਆ
ਇੱਕ ਮਿੰਟ ਲਈ ਰੁਕਨਾ ਅਰਥੀ ਨੂੰ ਫੇਰ ਚੁੱਕਣਾ
"ਕਾਹਲ" ਮਰਨ ਤੋਂ ਪਹਿਲਾਂ ਮੋਏ ਨੂੰ ਪਾਉਣ ਦੇਓ ਸਾਨੂੰ
ਨਾ ਚੁੱਪ ਕਰਾਓ ਸੱਜਣਾ ...............

ਅੱਜ ਰੋਣ ਦਿਓ ਸਾਨੂੰ ਮੇਰੇ ਨੈਣ ਹਨ ਮਲੂਟੇ ਕੁਝ ਧੋਣ ਦਿਓ ਸਾਨੂੰ

✡✡

## ਪ੍ਰੀਤ ਨੂੰ ਪੰਜਕਾਂ

ਇੱਕ ਸਾੜਸਤੀ, ਦੂਜਾ ਪੰਜਕਾਂ ਪ੍ਰੀਤ ਨੂੰ
ਗੰਡ ਮੂਲ ਲੱਗੇ ਜਦ ਅੱਖ ਅਸਾਂ ਲਾਈ
ਗੋਰੀਆਂ ਮੇਮਾਂ ਦੇ ਵਿੱਚ ਰਹਿਣ ਵਾਲਿਆਂ ਵੇ
ਤੈਨੂੰ ਕੀ ਪਤਾ ਏ ਹੁੰਦੀ ਕੀ ਓ ਜੁਦਾਈ
ਪਿਆਰ ਦੇ ਪੱਛੜੇ 'ਚੋਂ ਪੋਲੇ ਜਿਹੇ ਕਰਾਰ ਚੁੱਕ
ਕਰਾਂ ਨਿੱਤ ਸਿਦਕ ਦਾ ਧੂਫ਼ ਵੇ
ਰਾਹੂ ਕੇਤੂ ਵਿਹਲੜਾ ਦੇ ਪੱਬਾਂ ਭਾਰ ਘੂਰਦੇ ਨੇ
ਲੀਰਾਂ 'ਚ ਲਕੋਇਆ ਸੋਹਣਾ ਰੂਪ ਵੇ
ਥਾਲ 'ਚ ਪਰੋਸ ਕੱਜ ਨੀਤ ਦੇ ਰੁਮਾਲੇ ਸੁੱਚੇ
ਪੂਜਦੀ ਮੈਂ ਤੇਰੀ ਬੇਵਫ਼ਾਈ
ਪਾਧਿਆਂ ਤੋਂ ਪੁੱਛ ਪੁੱਛ ਤ੍ਰਚੋਲੀ ਲੈ ਮੰਗਲ ਸ਼ਨੀ
ਕੀੜਿਆਂ ਦੇ ਭੌਂਣ 'ਤੇ ਮੈਂ ਪਾਂਵਦੀ
ਨਾਰੀਅਲ ਸਤਨਾਜਾ ਬੰਨ ਸੂਹੀ ਪੋਟਲੀ 'ਚ
ਚੁੱਪਕੇ ਚੁਰਾਹੇ ਧਰ ਆਂਵਦੀ
ਲੱਗ ਗਿਆ ਟੋਟਕਾ ਜੇ ਮਨ ਮੇਰਾ ਦੇਵੇ ਸ਼ਾਹਦੀ
ਮਿਲ ਜਾਣੀ ਸਾਨੂੰ ਤਾਂ ਖੁਦਾਈ
ਕਾਇਨਾਤ ਖ਼ਾਮੋਸ਼ ਪੱਸਰੀ ਚੁਫੇਰ ਸੁੰਞ
ਪਿਆਰ ਦੀ ਸੰਥਾਂ ਕੀਤੀ ਯਾਦ ਵੇ
ਸੁਲਗਦੇ ਦਿਲ ਦੀ ਹਵਾੜ ਜੇਹੀ ਆਂਵਦੀ
ਕਰ ਗਏ ਸੱਜਣ ਬਰਬਾਦ ਵੇ
ਧੁਆਖੀਂ ਜਾਏ ਪ੍ਰੀਤ ਤੇਰੀ ਸੇਕਾ ਲੱਗੇ ਖੁਸ਼ੀਆਂ ਨੂੰ
ਰੀਝਾਂ ਤੇਰੀਆਂ ਵੀ ਹੋਣ ਦੁੱਖਦਾਈ
ਸਾਂਝੀ ਧੜਕਣ ਸਾਂਝਾ ਹਾਸਾ ਭਰਮਾਂ ਦੀ ਧੁੰਧਲ 'ਚ
ਸੱਜਣਾ ਵੇ ਸੁਣ ਤੂੰ ਗੁਆ ਲਿਆ
ਤੋਹਮਤਾਂ ਦੀ ਮੈਲੀ ਚੱਦਰ ਲਪੇਟ ਅਸਾਂ ਢੋਏ ਵਾਲੀ
ਧੁੰਧਲਾ ਓ ਜੀਵਨ ਬਿਤਾ ਲਿਆ
ਸੰਜੋਗ ਤੁਰੇ ਰੀਂਘ ਰੀਂਘ ਵਿੰਗੇ ਰਾਹ ਮੁਹੱਬਤਾਂ ਦੇ
"ਕਾਹਲ" ਹੋਇਆ ਰੰਗ ਜ਼ਰਦਾਈ

✡✡

## ਗੀਤ

ਤੂੰ ਵਿਰੋਲਾ ਮਾਰੂਥਲ ਦਾ
ਮੈਂ ਮਾਨਸਰਾਂ ਦੀ ਛੱਲ ਵੇ
ਸੀਂਕੇ ਰੇਤਾ ਸੁਰਖ ਲਬ੍ਹਾਂ ਨੂੰ
ਸਾਹ 'ਚ ਸਾਹ ਜਾਏ ਰੱਲ ਵੇ
ਨੀਮ-ਨਦੀਦੇ ਨੈਣ ਸ਼ਰਬਤੀ, ਪਲਕਾਂ ਪ੍ਰੀਤ ਵਿਛੁੰਨੀਆਂ
ਜੋਬਨ ਮਤੀ ਪੀੜ ਕੁਆਰੀ ਲੋਟੇ ਭਰ ਭਰ ਰੁੰਨੀਆਂ
ਚੌਰੀ ਭੌਂ ਭੌਂ ਇੱਤਰ ਮੁਹੱਬਤੀ ਮਹਿਕ ਭਿੰਨੇ ਕਰਾਂ ਝੱਲ ਵੇ
ਤੂੰ ਵਿਰੋਲਾ ਮਾਰੂਥਲ ਦਾ .........

ਹੰਸ ਵਸਲ ਦਾ ਤੇਰਾ ਅੜਿਆ ਉੱਡ ਕਿਧਰੋਂ ਆ ਜਾਵੇ
ਹਿੱਕ ਦੇ ਕੱਢਿਓ ਸੁੱਚੇ ਮੋਤੀ ਚੁੰਨ ਚੁੰਨ ਹੰਝੂ ਖਾਵੇ
ਲਟਬੌਰੀ ਹੋ ਲੈ ਪਰਦਖ਼ਨਾ ਘੁੱਟ ਕੇ ਲਾ ਲਾ ਗੱਲ ਵੇ
ਤੂੰ ਵਿਰੋਲਾ ਮਾਰੂਥਲ ਦਾ ...........

ਤ੍ਰਿਵਣੀਓ ਉੱਚਾ ਤੀਰਥ ਮੇਰਾ ਪੀੜਾਂ ਕੁੱਠੇ ਆਉਂਦੇ
ਸੂਰਜ ਚੰਨ ਹੋਣ ਲਈ ਸੁੱਚੇ ਧੋ ਮੁੱਖ ਚੁੱਭੀ ਲਾਉਂਦੇ
ਜੀਭ ਖਰੋੜੀ ਹੋਂਠ ਤਰੇੜੇ ਕਰਨ ਵਿਯੋਗੀ ਗੱਲ ਵੇ
ਤੂੰ ਵਿਰੋਲਾ ਮਾਰੂਥਲ ਦਾ .........

ਖੈਰ ਮੰਗਣ ਲਈ ਅੱਗ ਤੋਂ ਅੱਗ ਦੀ, ਕਿਰਨਾਂ ਆਈਆਂ ਤੱਤੀਆਂ
ਛੱਡੇ ਦੇਹ ਭੜਾਸੇ ਹਾਉਂਕੇ ਹੋਈਆਂ ਬਦਲੀਆਂ ਰੱਤੀਆਂ
ਉੱਠੀ ਲਾਟ ਦੁਮੇਲ ਦੀ ਪੱਛੋ ਅੰਬਰ ਪਿਆਏ ਬਲ ਵੇ
ਤੂੰ ਵਿਰੋਲਾ ਮਾਰੂਥਲ ਦਾ ..........

ਰੈਂਜ਼ ਕਰਾ ਲੈ ਬਾਲ ਟਿੱਬ ਦਾਬ ਲਗਾ ਲੈ ਮੇਰੀ
ਅੱਕ ਤੇ ਥੋਹਰਾਂ ਥੀਂਵਣ ਚਰ੍ਹੀਆਂ "ਕਾਹਲ" ਕਰੀ ਨ ਦੇਰੀ
ਹਿਰਨਾਂ ਸਿੰਙੀ 'ਚੋਂ ਵਗੇਦੇ ਦਾ ਡੋਲਾ ਲੈ ਚੱਲ ਵੇ।
ਤੂੰ ਵਿਰੋਲਾ ਮਾਰੂਥਲ ਦਾ ...........

✡✡

## ਕਲਮ ਦੇ ਅੱਥਰੂ

ਅੱਜ ਫੇਰ ਕਲਮ ਮੇਰੀ, ਅੱਥਰੂ ਹੈ ਕੇਰਦੀ।
ਧੜਕਣ ਵਧੀ ਹੈ ਇਸ ਦੇ ਦਿਲ ਦੀ ਸਵੇਰ ਦੀ,
ਅਸਰ ਜੁਦਾਈ ਜਾਪੇ ਇਸ ’ਤੇ ਵੀ ਕਰ ਗਈ,
ਗ਼ਮਾਂ ਦਾ ਦੇਖ ਸਾਇਆ ਜਾਂ ਹੈ ਇਹ ਡਰ ਗਈ
ਸੁੱਤਿਆਂ ਵੀ ਬੁੜ ਬੁੜਾਵੇ ਤ੍ਰੇਲੀ ਕੱਚੀ ਕੱਚੀ ਆਵੇ
ਮਿਰਚਾਂ ਲੈ ਇਹਦੇ ਸਿਰ ਤੋਂ, ਸੱਤ ਵਾਰੀ ਫੇਰਦੀ।
ਅੱਜ ਫੇਰ ਕਲਮ ਮੇਰੀ ............

ਨਾ ਪੀਵੇ ਨਾ ਕੁਝ ਖਾਵੇ, ਬੱਸ ਹੁੰਬਕੀ ਰੋਈ ਜਾਵੇ
ਕਰ ਕਰ ਕੇ ਸੱਜਣ ਚੇਤੇ, ਵੈਣ ਲੰਮੇਂ ਲੰਮੇਂ ਪਾਵੇ
ਵਰਾਂ ਪੂੰਝੇ ਅੱਥਰੂ ਕੋਸੇ, ਲੱਖ ਸਿਰ ਅਸਾਂ ਪਲੋਸੇ
ਲੱਗੀ ਹੋਈ ਹੈ ਹਿੱਚਕੀ ਕਾਫ਼ੀ ਹੀ ਦੇਰ ਦੀ।
ਅੱਜ ਫੇਰ ਕਲਮ ਮੇਰੀ ..........

ਮੋਇਆਂ ਦੇ ਪਿੱਛੇ ਦੱਸ ਤੂੰ ਕਦੀ ਮਰਿਆ ਏ ਕੋਈ
ਉਮਰਾਂ ਦਾ ਹੈ ਇਹ ਰੋਣਾ ਜ਼ਰਾ ਸੰਭਲ ਸੰਭਲ ਰੋਈ
ਨਾ ਮੀਤ ਪਿਆਰੇ ਭੁੱਲਣੇ, ਦੁੱਖਾਂ ਦੇ ਝੋਲੇ ਝੁੱਲਣੇ,
ਉਹ ਰਾਤ ਨੱਸੀ ਆਉਂਦੀ ਹੈ ਕਾਲੀ ਹਨੇਰ ਦੀ
ਅੱਜ ਫੇਰ ਕਲਮ ਮੇਰੀ ..........

ਚੰਦਰੀ ਨਾ ਧੀਰਜ ਧਰਦੀ ਦਿੱਤੇ ਨੇ ਦੰਮ ਦਿਲਾਸੇ
ਮਾਰ ਚਾਂਘਾਂ ਗਲ ਨੂੰ ਚਿੰਬੜੇ ਰਤਾ ਮੈਂ ਹੋਵਾਂ ਪਾਸੇ
ਕੋਈ ਨੀ ਮੈਨੂੰ ਦੱਸੇ ਰਾਤੀ ਇਹ ਉੱਠ ਉੱਠ ਨੱਸੇ
“ਕਾਹਲ” ਗੱਲ ਕਰਦੀ ਸੀ ਇਹ ਸੱਸੀ ਦੇ ਢੇਰ ਦੀ
ਅੱਜ ਫੇਰ ਕਲਮ ਮੇਰੀ ਅੱਥਰੂ ਹੈ ਕੇਰਦੀ
ਧੜਕਣ ਵਧੀ ਹੈ ਇਸ ਦੇ ਦਿਲ ਦੀ ਸਵੇਰ ਦੀ।

✡✡

## ਬਿਰਹੋ ਸਿਊਂਕ ਖਾਵੇ

ਹੇਰਵੇ ਦੇ ਤੇਂਈਹੇ ਕੀਤੇ ਸੁਣ ਸਾਡੇ ਹਾਣੀਆਂ ਵੇ,
ਫਿੱਕ ਫਿੱਕੇ ਸੌਂਫੀਆ ਜੋ ਸਾਹ।
ਬਿਰਹੋ ਸਿਊਂਕ ਖਾਵੇ ਰੂਪ ਦੇ ਗੁਲਾਬ ਤਾਈਂ,
ਪੀਲੀ ਪੀਲੀ ਮਾਰਦਾ ਏ ਭਾਹ।
ਤਾਰਿਆਂ ਦੇ ਝੁੰਡ ਦੀਂਦੇ ਫਾੜ ਫਾੜ ਵੇਖਦੇ ਨੇ
ਬੱਦਲਾਂ ਦੀ ਬਾਰੀ ਖੋਲ੍ਹ ਰਾਤ ਨੂੰ
ਪੱਟ ਕੱਢੇ ਪੌਣਾਂ ਦੇ ਦੁਸ਼ਾਲੇ ਪਾਉਂਦੀ ਹੰਭ ਗਈ
ਕਿੰਚਰ ਛਪਾਉਂਦੀ ਇਸ ਬਾਤ ਨੂੰ
ਰਿਸ਼ਮਾਂ ਦਾ ਚਾਨਣਾ ਪੱਛ ਲਾਉਂਦਾ ਗੋਰੇ ਪਿੰਡੇ
ਕੂਲੇ ਕੂਲੇ ਪੱਛੇ ਜਾਣ ਚਾਅ
ਬਿਰਹੋਂ ਸਿਊਂਕ ਖਾਵੇ ...........

ਆਲ੍ਹਣਿਓਂ ਬੋਟ ਡਿੱਗ ਸਾਹ ਲੈਂਦਾ ਖਿੱਚਵੇਂ
ਅਲੂਆ ਜਿਹਾ ਸਾਡੇ ਤਾਂ ਸੰਜੋਗ ਦਾ
ਕਦੀ ਰੰਗ ਭੂਕ ਪੀਲਾ ਕਦੀ ਨੀਮ-ਗਸ਼ੀਆ
ਲੱਗੇ ਨਾ ਨੀ ਪਤਾ ਗੁੱਝੇ ਰੋਗ ਦਾ
ਜਾਪਦੇ ਨੇ ਥੋੜੇ ਥੋੜੇ ਲੱਛਣ ਸਾਨੂੰ ਮੌਤ ਵਾਲੇ
ਆਖੇ ਕੋਈ ਮਿੱਤਰਾਂ ਨੂੰ ਜਾਹ
ਬਿਰਹੋ ਸਿਊਂਕ ਖਾਵੇ ..........

ਨੰਗ-ਮੁਨੰਗੀ ਰੈਣ ਪੋਹ ਦੇ ਮੱਸਿਆ ਦੀ
ਸਿਰ੍ਹਾਣੇ ਖੜ ਠਰੂ ਠਰੂ ਕਰਦੀ
ਧੁੱਪ ਦੀ ਲਪੇਟ ਚੱਦਰ ਪ੍ਰਭਾਤ ਦੇਖੀ ਤਾਂਬੇ ਰੰਗੀ
ਕੱਕਰਾਂ ਤੋਂ ਕੁਝ ਕੁਝ ਡਰਦੀ
ਪਰ ਸਾਡੇ ਅੰਦਰ ਤਾਂ ਅੱਗ ਮੱਚੀ ਫਿਕਰਾਂ ਦੀ
ਛੱਡਦੇ ਨੇ ਧੂੰਆਂ ਮੇਰੇ ਸਾਹ
ਬਿਰਹੋ ਸਿਊਂਕ ਖਾਵੇ ..........

ਅੱਖਾਂ ਦੇ ਚੁਮਾਸੇ ਨੇ ਸਲਾਬ ਦਿੱਤੀ ਦੇਹ ਸਾਰੀ
ਦੁੱਧ ਚਿੱਟੇ ਹੱਡਾਂ ਨੂੰ ਜੰਗਾਲਿਆਂ
ਗਮਾਂ ਦੀਆਂ ਗਿਰਝਾਂ ਧਰੀਂੜ ਕਰੂੰਗ ਸੁੱਕਾ
ਚੂੰਡ ਚੂੰਡ "ਕਾਹਲ" ਤਾਈਂ ਖਾ ਲਿਆ
ਸਕੋੜੀਆਂ ਯਾਦਾਂ ਨੇ ਸੁੰਨ ਮਸੁੰਨੇ ਕੀਤੇ
ਹਾਸਿਆਂ ਦੇ ਮੋਕਲੇ ਰਾਹ

✡✡

## ਬਹਾਰ ਜਦ ਵੀ ਆਈ

ਸਾਡੀ ਤਾਂ ਜ਼ਿੰਦਗੀ 'ਚ ਬਹਾਰ ਜਦ ਵੀ ਆਈ
ਜ਼ਹਿਰੀ ੳ ਨੋਕਾਂ ਤਿੱਖੀਆਂ ਦੇ ਖਾਰ ਲੈ ਕੇ ਆਈ
ਖੁਸ਼ੀਆਂ ਨੂੰ ਕੈਰ ਲੰਘ ਗਏ ਵਿਰਾਨੀਆਂ ਦੇ ਡੋਲੇ
ਕਬਰਾਂ ਦੇ ਸੀਨੇ ਲੱਗ ਕੇ ਚਿਰਾਗ ਸੜ੍ਹਦੇ ਬੋਲੇ
ਪਤਝੜ ਉਦਾਸੀਆਂ ਦੀ ਜੋਬਨ ਰੁੱਤੇ ਹੰਢਾਈ
ਸਾਡੀ ਤਾਂ ਜ਼ਿੰਦਗੀ ..........

ਪੀੜਾਂ ਦੇ ਘੁੱਟ ਕਸੈਲੇ ਅਸੀਂ ਅੱਖਾਂ ਮੀਚ ਪੀ ਲਏ
ਡੂੰਘੇ ਸੀ ਫੱਟ ਬ੍ਰਿਹੋ ਅਸੀਂ ਔਖੇ ਸੌਖੇ ਸੀ ਲਏ
ਮੇਰੇ ਦਿਲ ਦੇ ਜ਼ਖ਼ਮ ਦਿੰਦੇ ਦਰਦਾਂ ਦੀ ਪਏ ਦੁਹਾਈ
ਸਾਡੀ ਤਾਂ ਜ਼ਿੰਦਗੀ ...........

ਦੁੱਖਾਂ ਦੇ ਬੱਦਲੀ ਘਿਰਿਆ ਬੇਚੈਨ ਮਨ ੳ ਮੇਰਾ
ਪੀੜਾਂ ਦੀਆਂ ਲੈ ਕੇ ਕਿਰਨਾਂ ਹੁੰਦਾ ਹੈ ਨਿੱਤ ਸਵੇਰਾ
ਕਿਸਮਤ ਦੀ ਮਾੜੀ ਕਿਸਮਤ ਮੱਸਿਆ ਵੀ ਕਾਲੀ ਆਈ
ਸਾਡੀ ਤਾਂ ਜ਼ਿਦਗੀ ..........

ਪਾ ਗਈ ਵਿਧਾਤਾ ਗੰਢਾਂ ਸਾਡੇ ਲੇਖੀ ਪੇਂਚ ਪਲਚੀਆਂ
ਨਾਲੇ ਨੀਝਾਂ ਪੜ੍ਹ ਨਾ ਹੋਵਣ ਹੱਥਾਂ ਦੀਆਂ ਰੇਖਾ ਕਚੀਆਂ
"ਕਾਹਲ" ਕਾਲਖ ਭਰਿਆ ਮੰਗੇ ਮਾਸਾ ਕਰਮ ਕਾਲੀ ਸਿਆਹੀ
ਸਾਡੀ ਤਾਂ ਜ਼ਿੰਦਗੀ 'ਚ ਜਦ ਵੀ ਬਹਾਰ ਆਈ
ਜ਼ਹਿਰੀ ੳ ਨੋਕਾਂ ਤਿੱਖੀਆਂ ਦੇ ਖਾਰ ਲੈ ਕੇ ਆਈ

✡✡

## ਬੇਬੱਸ

ਬੇਬੱਸ ਹੋਏ ਅਸੀਂ ਵੇ ਸੱਜਣਾ,
ਪੇਸ਼ ਕੋਈ ਨਾ ਜਾਵੇ।
ਜਿਉਂ ਤਿਤਲੀ ਨੂੰ ਫੜ ਨਿਆਣਾ
ਮਿੱਧ ਕੇ ਪਰ ਉੱਡਾਵੇ।
ਬੇਬੱਸ ਹੋਏ ਅਸੀਂ ............

ਜਾਂ ਹਿਰਨੀ ਦੇ ਪੈਂਦਾ ਨਜ਼ਰੀਂ,
ਸ਼ਿਕਾਰੀ ਰੁੜ੍ਹਿਆ ਆਉਂਦਾ,
ਖੌੜ ਕੇ ਗੋਡੀ ਸੇਧ ਨਿਸ਼ਾਨਾ,
ਤੀਰ 'ਤੇ ਤੀਰ ਚਲਾਉਂਦਾ
ਜ਼ਖ਼ਮੀ ਹੋ ਹਿਰਨੀ ਜਿਓ ਟਿੱਬਿਓ
ਥੱਲੇ ਰੁੱੜਦੀ ਆਵੇ
ਜਿਓ ਤਿਤਲੀ ਨੂੰ ਫੜ .........

ਜਾਂ ਕੋਈ ਉੱਡਾਰੂ ਘੁੱਗੀ ਅੜਿਆ
ਅਰਸ਼ੀ ਉੱਡਣਾ ਲੋਚੀ,
ਚੰਦਰੇ ਬਾਜ਼ ਨੇ ਮਾਰ ਝਪੱਟਾ,
ਅਪਣੀ ਬੁੱਕਲੇ ਬੋਚੀ,
ਨਾਲ ਕਲੋਲਾ ਨਰਮ ਕਾਲਜਾ,
ਖੂੰਡ ਖੂੰਡ ਕੇ ਖਾਵੇ।
ਜਿਓ ਤਿਤਲੀ ਨੂੰ ਫੜ ਨਿਆਣਾ .........

ਜਾਂ ਕੋਈ ਬੈਠਾ ਨਹਿਰ ਕਿਨਾਰੇ,
ਕੁੰਡੀ ਲਾਅ ਮਛੇਰਾ,
ਭੁੱਖ ਦੀ ਮਾਰੀ ਫੱਸ ਗਈ ਮੱਛਲੀ,
ਲਾਇਆ ਜ਼ੋਰ ਘਨੇਰਾ,
ਨੀਰ ਬਿੰਨ੍ਹਾਂ ਕਿੰਚਰ ਉਹ ਜਿਉਂਦੀ,
ਤੜੱਪ ਤੜੱਪ ਮਰ ਜਾਵੇ।
ਜਿਓ ਤਿਤਲੀ ਨੂੰ ਫੜ ..........

ਜਾ ਕਲੀਆਂ ਦੇ ਮੁੱਖੜੇ ਤੋੜਾਂ,
ਪਾਈਆਂ ਪੋਹ ਦੇ ਕੋਰੇ,
ਕੁਝ ਕੂੰ ਸੜੀਆਂ ਡਾਲੀ ਉਪਰੇ,
ਕੁਝ ਕੂੰ ਥੱਲੇ ਭੌਰੇ,
ਭੂੰ ਭੂੰ ਕਰਦਾ ਆਉਂਦਾ ਭੰਵਰਾ,
ਖਾਲੀ ਮੁੜ ਮੁੜ ਜਾਵੇ।
ਜਿਓ ਤਿਤਲੀ ਨੂੰ ਫੜ ਨਿਆਣਾ ........

ਜਾਂ ਗੜਿਆਂ ਨੇ ਕਣਕ ਹੈ ਕੁੱਟੀ,
ਰੰਗ ਸੁਨਹਿਰੀ ਹੋਈ
ਅਣਹੋਣੀ ਹੈ ਰੱਬ ਨੇ ਕੀਤੀ,
ਮੂੰਹ ਆਈ ਰੋਜ਼ੀ ਖੋਹੀ,
"ਕਾਹਲ" ਮਿੱਠਾ ਕਰ ਮੰਨਣਾ ਪੈਂਦਾ,
ਜੋ ਵੀ ਉਸ ਨੂੰ ਭਾਵੇ।
ਬੇਬੱਸ ਹੋਏ ਅਸੀਂ ਵੇ ਸੱਜਣਾ
ਪੇਸ਼ ਕੋਈ ਨਾ ਜਾਵੇ ............।

✡✡

## ਦੁੱਖਾਂ ਦੀ ਚੱਕੀ

ਧੰਮੀ ਵੇਲੇ ਚੱਕੀ ਦੁੱਖਾਂ ਦੀ ਮੈਂ ਝੋਵਾਂ,
ਚਾਅ ਸੁੱਚੇ ਜਾਣ ਦਰੜੇ
ਉੱਠੇ ਬਿਰਹੋ ਦਾ ਸੂਲ, ਆਵੇ ਚੈਨ ਨਾ ਮੂਲ
ਕਰ ਪਿੱਟ ਸਿਆਪੇ ਜੁੰਡੇ ਖੋਹਵਾ
ਚਾਅ ਸੁੱਚੇ ਜਾਣ ਦਰੜੇ ..........

ਵੇਖੋ ਸਈਓ ਪੁੱੜ ਇਹਦੇ ਕਿੱੜੇ ਵੱਡੇ ਭਾਰੇ ਨੇ!
ਪੱਛੀਆਂ ਚੰਗੇਰ ਛਿੱਕੂ, ਪੀਸਣੇ ਪਏ ਸਾਰੇ ਨੇ।
ਗੈੜਾ ਕੰਧ ਨਾਲ ਲਾਕੇ ਪਿੱਠ ਢੋਵਾ।
ਚਾਅ ਸੁੱਚੇ ਜਾਣ ਦਰੜੇ ............

ਲੱਪ ਭਰ ਭਰ ਸੁੱਟਾਂ, ਹੌਕੇ ਹੰਝੂ ਹਾਵਾਂ ਦੀ,
ਕਿੱਲੀ ਨਾਲ ਲੱਗ ਬਚੀ, ਜਿੰਦ ਸਾਡੇ ਸਾਹਵਾਂ ਦੀ
ਛੁਰੀ ਹੇਰਵੇ ਦੀ ਲਏ ਜਿੰਦ ਕੋਹਵਾ।
ਚਾਅ ਸੁੱਚੇ ਜਾਣ ਦਰੜੇ ...........

ਮੁੜਕੋ-ਮੁੜਕੀ ਹੋਈ ਚੱਕੀ ਗ਼ਮਾਂ ਦੀ ਚਲਾਂਵਦੀ,
ਹਿਜਰਾਂ ਦੀ ਮਹਿਕ ਪਸੀਨੇ ਵਿੱਚੋਂ ਆਂਵਦੀ,
ਨੈਣੋਂ ਮੋਤੀਆਂ ਦੇ ਹਾਰ ਪਰੋਂਵਾਂ।
ਚਾਅ ਸੁੱਚੇ ਜਾਦ ਦਰੜੇ ...........

ਹੌਸਲੇ ਦਾ ਗੁੱਟਕਾ ਮੈਂ ਰੱਖਾਂ ਫਲਟ ਥੱਲੇ ਨੀ
ਸਬਰ ਦਾ ਦਿਆਂ ਗੇੜਾ ਹੋਲ੍ਹੀ ਰਤਾ ਚੱਲੇਨੀ
"ਕਾਹਲ" ਮੱਲ ਮੱਲ ਹੰਝੂ ਮੁੱਖ ਧੋਵਾਂ।
ਚਾਅ ਸੁੱਚੇ ਜਾਣ ਦਰੜੇ ..........
ਧੰਮੀ ਵੇਲੇ ਚੱਕੀ ਦੁੱਖਾਂ ਦੀ ਮੈਂ ਝੋਵਾਂ।

✡✡

## ਹਾਣ ਦਾ ਬਿਰਹੋ

ਸਾਡੇ ਹਾਣ ਦਾ ਨੀ ਬਿਰਹੋ, ਮੇਰੇ ਅੱਗੇ ਪਿੱਛੇ ਨੱਸੇ
ਖੇਡਾਂ ਲੁੱਕ ਛੁੱਪ ਜਾਣਾ, ਸਾਨੂੰ ਕੋਈ ਨਾ ਦੱਸੇ
ਅਸੀਂ ਲੁਕੇ ਦਿਲ ਨੁੱਕਰੇ, ਉੱਠੀ ਹੇਰਵੇ ਦੀ ਪੀੜ,
ਦੇਕੇ ਦੰਦਾਂ ਥੱਲੇ ਜੀਭ, ਬੁੱਲ੍ਹ ਲਏ ਸੀ ਝਪੀੜ
ਸਖਤ ਕੋਰੜਾ ਨਾ ਦੁੱਖ, ਸਾਡੀ ਪਿੱਠ ਉੱਤੇ ਵੱਸੇ
ਖੇਡਾਂ ਛੁੱਪ ਛੁਪਾਈਆਂ ਸਾਨੂੰ ਕੋਈ ..........

ਗ਼ਮ ਬੜਾ ਹੀ ਚਲਾਕ, ਹੋ ਕੇ ਬੈਠਾ ਸਾਡੇ ਨੇੜੇ,
ਨੀ ਮੈਂ ਘੂਰੀ ਵੱਟ ਵੇਖਾਂ, ਨੀ ਉਹ ਵਾਰ ਵਾਰ ਛੇੜੇ,
ਲਾਈਆਂ ਕੱਛਮੇ ਉਸ ਉਂਗਲਾਂ, ਅਸੀਂ ਖਿੜ ਖਿੜ ਹੱਸੇ
ਖੇਡਾਂ ਛੁੱਪ ਛੁਪਾਈਆਂ ਸਾਨੂੰ .............

ਛੂਹੇ ਗਏ ਸਈਓ ਅਸੀਂ, ਆ ਗਈ ਸਾਡੇ ਸਿਰ ਵੀਟੀ,
ਹੁਣ ਅਪਣੀ ਉਹ ਵਾਰੀ, ਵੇਖੋ ਮਾਰੇ ਨਾ ਨੀ ਸੀਟੀ,
ਇੱਕ ਜਾਨ ਕੱਲ੍ਹੀ ਕੈਰੀ, ਰਾਹ ਔਂਝੜ ਨੂੰ ਫੱਸੇ।
ਖੇਡਾਂ ਲੁੱਕ ਛੁੱਪ ਜਾਣਾ ...............

ਬੱਦਲ ਵਾਸਨਾ ਦਾ ਕੱਕਾ, ਸਾਡੇ ਸਿਰ ਉੱਪਰ ਗੱਜਦਾ,
ਸੋ ਗੱੜਾ ਗੋਲਾ ਗੁੱਝਾ, ਨੰਗੇ ਸਿਰ ਉੱਤੇ ਵੱਜਦਾ,
ਰਤਾ ਆਖੋ ਸਈਓ ਇਹਨੂੰ ਅੱਜ ਮਿਹਰ ਦਾ ਨੀ ਵੱਸੇ
ਸਾਡੇ ਹਾਣ ਦਾ ਨੀ ...............

ਤਨਹਾਈਆਂ ਕਰ ਰਹੀਆਂ ਦੇਖੋ, ਸਾਨੂੰ ਗੁੱਝੇ ਇਸ਼ਾਰੇ,
ਸਾਨੂੰ ਖੁਸ਼ੀ ਨਾ ਥਿਆਈ, ਅਸੀਂ ਲੱਭ ਲੱਭ ਹਾਰੇ।
"ਕਾਹਲ" ਵੇਦਨਾ ਦੀ ਨਾਗਿਨ ਸਾਨੂੰ ਸ਼ੂਕ ਸ਼ੂਕ ਡੱਸੇ।
ਮੇਰੇ ਹਾਰ ਦਾ ਨੀ ਬ੍ਰਿਹੋ, ਸਾਡੇ ਅੱਗੇ ਪਿੱਛੇ ਨੱਸੇ।

✡✡

## ਮੇਰਾ ਤੁੱਧ ਬਿੰਨ ਲਗਦਾ ਨਾ ਜੀਅ

ਮੇਰਾ ਤੁੱਧ ਬਿੰਨ ਲੱਗਦਾ ਨਾ ਜੀਅ,
ਆਜਾ ਮੇਰੇ ਸੋਹਣੇ ਸੱਜਣ।
ਵੇ ਮੈਂ ਹੋਰ ਦੱਸ ਆਖਾਂ ਤੈਨੂੰ ਕੀ,
ਆਜਾ ਮੇਰੇ ਸੋਹਣੇ ਸੱਜਣ
ਮੇਰਾ ਤੁੱਧ ਬਿੰਨ ਓ ਮੇਰਾ ਤੁੱਧ ਬਿੰਨ ਲੱਗਦਾ ਨਾ ਜੀਅ ..........

ਹੋ ਗਏ ਜਵਾਨ ਵੇਖ, ਦਿੱਤੇ ਤੇਰੇ ਗ਼ਮ ਵੇ,
ਜ਼ਿੰਦਗੀ ਨੂੰ ਪਈਆਂ ਤੇੜਾਂ, ਡਿੱਗ ਪੈਣੀ ਖੱਮਵੇ,
ਰੇਤ ਸਬਰ ਦੀ ਖਰ ਚੱਲੀ ਈਂ।
ਆਜਾ ਮੇਰੇ ਸੋਹਣੇ ਸੱਜਣ .............

ਬੈਠ ਗਿਓ ਕਿੱਥੇ ਦੱਸ ਸੱਧਰਾਂ ਨੂੰ ਛੇੜ ਕੇ,
ਦਿਲ ਵਿੱਚ ਬੰਦ ਕੀਤੇ, ਪਲਕਾਂ ਨੂੰ ਭੇੜਕੇ
ਚੰਦਰੇ ਫਿਰ ਵੀ ਇਹ ਵੱਗਦੇ ਨੀ।
ਆਜਾ ਮੇਰੇ ਸੋਹਣੇ ਸੱਜਣ ............

ਹੌਕੇ ਤੇਰੇ ਸਾਡੇ ਵੱਲ, ਵੇਖ ਵੇਖ ਖੰਘਦੇ,
ਪੀੜਾਂ ਦੇ ਕਸੈਲੇ ਘੁੱਟ, ਹੋਰ ਨਹੀਓ ਲੰਘਦੇ,
ਹਾੜ੍ਹਾ ਇੱਕ ਘੁੱਟ ਤੂੰ ਵੀ ਤਾਂ ਓ ਪੀ।
ਆ ਜਾ ਮੇਰੇ ..............

ਤਾਨ੍ਹਿਆਂ ਦੇ ਤੇਸੇ ਅੱਜ, ਰੀਝਾਂ ਦੇਖ ਟੁੱਕੀਆਂ
ਸੱਧਰਾਂ ਪੁਆ ਕੇ ਫੱਟ ਬੁੱਕਲ 'ਚ ਲੁੱਕੀਆਂ,
ਸੁਣ ਤੱਤੇ ਘਾਓ, ਲਈਏ ਆਪਾਂ ਸੀਅ।
ਆਜਾ ਮੇਰੇ ਸੋਹਣੇ ਸੱਜਣ .........

ਟੁੱਟੇ ਛੱਪਰ ਸਬਰ ਤਾਈਂ, ਵੇਖਾ ਦੇ ਮੈਂ ਥੂਹਣੀ ਵੇ
ਸੇਰ ਵਿੱਚੋਂ ਕੱਤੀ ਨਹੀਂ "ਕਾਹਲ" ਅਜੇ ਪੂਣੀ ਵੇ
ਮਾਣ ਜਵਾਨੀਆਂ ਤੇ ਜਮ ਜਮ ਜੀਅ
ਆਜਾ ਮੇਰੇ ਸੋਹਣੇ ਸੱਜਣ .........
ਵੇ ਮੈਂ ਹੋਰ ਦੱਸ ਆਖਾਂ ਤੈਨੂੰ ਕੀ ............

✡✡

## ਦੱਸਿਆ ਨਾ ਸੋਹਣੇ ਸਰਨਾਵਾਂ

ਸਾਨੂੰ ਦੱਸਿਆ ਨਾ ਸੋਹਣੇ ਸਰਨਾਵਾਂ
ਮੈਂ ਥਾਓ ਥਾਈਂ ਫਿਰਾਂ ਟੋਲਦੀ।
ਫੱਟ ਹਿਜਰਾਂ ਦੇ ਕਿਸ ਨੂੰ ਦਿਖਾਵਾਂ
ਮੈਂ ਥਾਓ ਥਾਈਂ ਫਿਰਾਂ ਟੋਲਦੀ .............

ਤੋੜ ਗਿਆ ਆਸ ਮੇਰੀ, ਛਾਪਾਂ ਛੱਲੇ ਮੋੜ ਕੇ,
ਸੁੱਟ ਗਿਆ ਯਾਦ ਸਾਡੀ, ਦਿਲ 'ਚੋਂ ਘਰੋੜ ਕੇ,
ਅਸੀਂ ਨੈਣ ਵਿਛਾਈ ਬੈਠੇ ਰਾਹਵਾਂ।
ਮੈਥੋਂ ਥਾਓ ਥਾਈਂ .............

ਪ੍ਰੀਤ ਦੀ ਪਿਆਸ ਲੱਗੀ, ਬੁੱਲ੍ਹੀਆਂ ਪਿਆਸੀਆਂ,
ਰੜਕੇ ਜੁਦਾਈ ਲਾਲੀ, ਅੱਖੀਆਂ ਉਦਾਸੀਆਂ,
ਪਤਾ ਲੱਗੇ ਨਾ ਕਿੱਧਰ ਨੂੰ ਜਾਵਾਂ।
ਮੈਂ ਥਾਓ ਥਾਈਂ ਫਿਰਾਂ ਟੋਲਦੀ ............

ਲੱਗ ਗਲ ਹੌਕਿਆਂ ਦੇ ਪੀੜਾਂ ਅੱਜ ਰੋਈਆਂ ਨੇ,
ਸਧਰਾਂ ਜਵਾਨ ਵੇਖ ਕੋਠੇ ਕੋਠੇ ਹੋਈਆਂ ਵੇ,
ਚੂਰੀ ਕੁੱਟ ਕੁੱਟ ਪਾਈ ਅਸਾਂ ਕਾਵਾਂ।
ਸਾਨੂੰ ਦੱਸਿਆ ਨਾ ..............

ਅੱਥਰੀ ਜਵਾਨੀ ਦੇਹ ਚੰਦਨ ਸੰਧੂਰੀ ਵੇ
ਵੱਢ ਵੱਢ ਖਾਂਦੀ ਸਾਨੂੰ, ਰਾਂਝਣੇ ਦੀ ਦੂਰੀ ਵੇ,
ਬਿੰਨ ਢੋਲਣੇ ਮੈਂ ਹੱਡ ਚੁੱਲ੍ਹੇ, ਡਾਹਵਾਂ।
ਮੈਂ ਥਾਓ ਥਾਈਂ ਫਿਰਾਂ ਟੋਲਦੀ ...........

ਤ੍ਰੇਲੀ ਆਵੇ ਕੱਚੀ ਕੱਚੀ ਗਸ਼ੀ ਪੈ ਜਾਂਦੀ ਏ
ਦੰਦਲਾਂ ਦੇ ਨਾਲ ਨਾਲ ਨਬਜ਼ ਗੋਤੇ ਖਾਂਦੀ ਏ,
"ਕਾਹਲ" ਅਟਕੀ ਜਿੰਦ ਆਖਰੀ ਸਾਹਵਾਂ।
ਮੈਂ ਥਾਓ ਥਾਈਂ ਫਿਰਾਂ ਟੋਲਦੀ ...........

✡✡

## ਖ਼ੁਆਬ ਜਦ ਵੀ ਹੈ ਓ ਆਇਆ

ਯਾਦ ਉਸ ਦੀ ਵਿੱਚ ਮੇਰਾ ਦਿਲ, ਕੀਰਨੇ ਪਾਉਂਦਾ ਰਿਹਾ।
ਖ਼ੁਆਬ ਜਦ ਵੀ ਹੈ ਓ ਆਇਆ, ਉਹਨਾਂ ਦਾ ਆਉਂਦਾ ਰਿਹਾ।
ਯਾਦ ਉਸ ਦੀ ਵਿੱਚ ਮੇਰਾ ਦਿਲ …………

ਲਗਣ ਉਸ ਦੇ ਵਿੱਚ ਮੈਂ ਹਾਂ, ਕੁਝ ਇਸ ਤਰ੍ਹਾਂ ਖੋ ਗਿਆ
ਪੀੜ ਉਸਦੀ ਪੂਜਨੇ ਦਾ, ਆਦੀ ਜਿਹਾ ਹਾਂ ਹੋ ਗਿਆ
ਇਲਜ਼ਾਮ ਉਸ ਦਾ ਸ਼ੌਖ ਗ਼ਮ, ਮੇਰੇ 'ਤੇ ਲਾਉਂਦਾ ਰਿਹਾ
ਖ਼ੁਆਬ ਜਦ ਵੀ ਹੈ ਓ ਆਇਆ ……….

ਵੇਗ ਤੇਰੇ ਹਿਜਰ ਦਾ, ਸਾਹ ਰਗ ਵਿੱਚ ਚਲਦਾ ਰਿਹਾ
ਸੀਨੇ ਮੇਰੇ ਹਾਵਾਂ ਹੌਕੇ ਭਾਂਬੜ ਬਣ ਬਲਦਾ ਰਿਹਾ
ਹੇਰਵੇ ਦਾ ਗੀਤ ਗੁੰਗਾ ਗੁੰਮ ਗਲਾ ਗਾਉਂਦਾ ਰਿਹਾ
ਯਾਦ ਤੇਰੀ ਵਿੱਚ ਮੇਰਾ ਦਿਲ …………

ਹਾਸੇ ਸੜ ਕੋਲੇ ਹੋਏ, ਅੰਦਰ ਹੈ ਧੁਆਖਿਆ,
ਤੱਤੇ ਨੂੰ ਹੋਰ ਤਾਓ ਨਾ ਤਰਲਾ ਲੈ ਕੇ ਆਖਿਆ
ਜਿਗਰ ਮੇਰੇ ਦੇ ਜ਼ਖਮਾਂ 'ਤੇ, ਜੋਤ ਉਹ ਲਾਉਂਦਾ ਰਿਹਾ
ਯਾਦ ਉਸ ਦੀ ਵਿੱਚ ਮੇਰਾ …………..

ਵਾ ਪੂਰੇ ਦੀ ਵੈਣ ਕਰ ਕਰ, ਰਾਤ ਭਰ ਰੋਂਦੀ ਰਹੀ,
ਕੇਸ ਕਰ ਖੁੱਲ੍ਹੇ ਕਿਰਲ ਮੂਕਾਨੀ "ਕਾਹਲ" ਆਉਂਦੀ ਰਹੀ,
ਪੂਨਮ ਪਿੰਡੇ ਚੈਨ ਸਲਾਖਾਂ, ਪਿੱਟ ਪਿੱਟ ਪਾਉਂਦਾ ਰਿਹਾ।
ਯਾਦ ਉਸ ਦੀ ਵਿੱਚ ਮੇਰਾ ਦਿਲ, ਕੀਰਨੇ ਪਾਉਂਦਾ ਰਿਹਾ
ਖ਼ੁਆਬ ਜਦ ਵੀ ਹੈ ਓ ਆਇਆ ਉਹਨਾਂ ਦਾ ਆਉਂਦਾ ਰਿਹਾ।

✡✡

## ਗੀਤ

ਕਿਓ ਜ਼ਖ਼ਮ ਖਰੋਂਚਦੇ ਹੋ ਮੇਰੇ,
ਇਹ ਅੱਲ੍ਹੇ ਨੇ ਅਜੇ ਰਿੱਸਦੇ ਨੇ।
ਨਾ ਮਾਰੋ ਨਸ਼ੱਤਰ ਨਜ਼ਰਾਂ ਦੇ
ਇਹ ਭਰੇ ਹੋਏ ਓ ਵਿੱਸ਼ ਦੇ ਨੇ।

ਸਾਡੇ ਪੱਲੇ ਪਾਕੇ ਪੀੜਾਂ ਨੂੰ ਉਹ ਹੱਸ ਹੱਸ ਵੇਖੋ ਤੁਰ ਚੱਲੇ,
ਦੁੱਖਾਂ ਦੇ ਘਵੇਰਿਆਂ ਘੇਰ ਲਿਆ, ਅਸੀਂ ਵਾਂਗ ਪਤਾਸ਼ੇ ਖੁਰ ਚੱਲੇ,
ਚਾਅ ਚੂਰ ਗ਼ਮਾਂ ਨੇ ਕਰ ਸੁੱਟੇ, ਉੱਪਰੋਂ ਹੀ ਨਰੋਏ ਦਿਸਦੇ ਨੇ।
ਕਿਓਂ ਜ਼ਖ਼ਮ ਖਰੋਂਚਦੇ ............

ਪਾ ਦਿਲ ਦੀ ਪਟਾਰੀ ਦਰਦਾਂ ਨੂੰ ਅਸੀਂ ਚੂਲੀਆਂ ਦੁੱਧ ਪਿਲਾਏ ਨੇ,
ਇਹ ਉਲਟਾ ਸ਼ੂਕ ਕੇ ਸਾਨੂੰ ਹੀ, ਚੰਦਰੇ ਡੱਸਣ ਨੂੰ ਆਏ ਨੇ,
ਰਤਾ ਤੂੰ ਹੀ ਦੱਸ ਪੁੱਤ ਸੱਪਾਂ ਦੇ, ਇਹ ਹੋਏ ਮਿੱਤ ਓ ਕਿਸਦੇ ਨੇ।
ਕਿਓਂ ਜ਼ਖ਼ਮ ਖਰੋਂਚਦੇ ..............

ਮੇਰੇ ਹੱਡਾਂ ਨੂੰ ਸਿਊਂਕ ਲੱਗੀ, ਸਾਡੇ ਜੋੜੀ ਬਹਿ ਗਿਆ ਪਾਰਾ ਵੇ,
ਅੱਜ ਚੈਨ ਨੂੰ ਹੌਕਿਆਂ ਨੇ ਲੁੱਟਿਆ, ਜ਼ਖ਼ਮੀ ਹੈ ਜੁੱਸਾ ਸਾਰਾ ਵੇ,
ਲੁੱਟ ਪੁੱਟ ਲੈਂਦੇ ਉਹਨੂੰ ਵਿੱਚ ਰਾਹਾਂ, ਇਹ ਸਾਥੀ ਹੋਏ ਜਿਸਦੇ ਨੇ।
ਕਿਓਂ ਜ਼ਖ਼ਮ ....................

ਅਸੀਂ ਪੱਛੀ ਭਰ ਕੇ ਹਾਵਾਂ ਦੀ, ਦੁੱਖਾਂ ਦੀ ਚੱਕੀ ਝੋਂ ਬੈਠੇ,
ਚਲਦੀ ਨਾ ਭਾਰੀ ਹੋਈ ਚੰਦਰੀ, ਖੋਹ ਜੁੰਡੇ ਛੱਮ ਛੱਮ ਰੋ ਬੈਠੇ,
"ਕਾਹਲ" ਗੇੜ ਗੇੜ ਕੇ ਹੰਭ ਗਏ ਹਾਂ, ਨਾ ਖਸਮਾਂ ਖਾਣੇ ਪਿੱਸਦੇ ਨੇ।
ਕਿਓਂ ਜ਼ਖ਼ਮ ਖਰੋਂਚਦੇ ਹੋ ਮੇਰੇ ..................

✡✡

## ਹੱਡ ਚਾਵਾਂ ਦੇ ਬਾਲ

ਪੋਹ ਦੇ ਮਹੀਨੇ ਕੋਈ–
ਸੇਕ ਰਿਹਾ ਵੇਖੋ ਪਾਲਾ,
ਹੱਡ ਸਾਡੇ ਚਾਵਾਂ ਦੇ ਬਾਲ।
ਗਵਾਚ ਗਏ ਵਿੱਚ ਮਿੱਟੀ–
ਸੁੱਚੇ ਮੋਤੀ ਅੱਖੀਆਂ ਦੇ,
ਕਰੋ ਨੀ ਸਹੇਲੀਓ ਭਾਲ।

ਦੇਹਿ ਦੀ ਕਟੋਰੀ ਵਿੰਚ,
ਛਲਕੇ ਸ਼ਬਾਬ ਮੇਰਾ,
ਮਿੱਤਰਾਂ ਦੀ ਗਲੀ ਜਦ ਲੰਘਦੀ।
ਦੰਦਾਂ ਥੱਲੇ ਜੀਭ ਦੇ ਜੇ
ਲੰਘਾਂ ਮੈਂ ਚੁਪਾਤੜੇ ਜਿਹੇ
ਸਾਹ ਰੱਗ ਮਲੋ ਮੱਲੀ ਖੰਘਦੀ।
ਹੋਸ਼ ਕਰ ਜਿੰਦੇ ਨੀ ਉਹ–
ਛੱਡ ਗਏ ਨੇ ਸ਼ਹਿਰ ਤੇਰਾ,
ਤੂੰ ਵੀ ਛੱਡ ਉਨ੍ਹਾਂ ਦਾ ਖਿਆਲ।
ਪੋਹ ਦੇ ਮਹੀਨੇ .............

ਰਹੀ ਨਾ ਨੀ ਹੋਸ਼ ਸਾਨੂੰ–
ਮਾਰ ਗਏ ਨੇ ਸੁੱਧ ਬੁੱਧ,
ਤਵੀਤ ਵਿਛੋੜਾ ਗਲ ਪਾ ਗਏ।
ਦੇਣ ਨਾ ਧਰਾਸ ਹੁਣ–
ਯਾਦਾਂ ਇਹ ਆਲੁਣੀਆਂ ਨੀ,
ਹਾਸੇ ਸਾਡੇ ਮਿੱਠੇ ਖਾ ਗਏ।
ਹੌਕਿਆਂ ਦੇ ਸੇਕੇ ਨਾਲ–
ਮੱਚ ਨਾ ਨੀ ਜਾਣ ਇਹ ਵੀ,
ਰੱਖ ਜਿੰਦੇ ਇਹਨਾਂ ਨੂੰ ਸੰਭਾਲ।
ਪੋਹ ਦੇ ਮਹੀਨੇ ..........

ਸੁੱਕ ਕੇ ਕਰੁੰਗ ਹੋਈ–
ਵੇਲ ਇਹ ਮੁਹੱਬਤਾਂ ਦੀ,
ਜੁਦਾਈ ਵਾਲਾ ਮਾਰ ਗਿਆ ਸੋਕਾ ਵੇ।
ਸਦਾ ਰਹੇ ਮੱਠਾ ਮੱਠਾ–
ਤਾਪ ਸਾਡੇ ਤਨ ਤਾਈਂ,
ਹੁੰਦਾ ਸਾਨੂੰ ਤੇਈਆ ਇਹ ਚਰੋਕਾਵੇ।
ਟਿਲਿਓ ਮਗਾਓ ਜੋਗੀ
ਹੋਵੇ ਕੰਨ ਪਾਟੜਾ ਜੋ,
ਬਾਂਹ ਫੜ ਜਾਣੇ ਸਾਡਾ ਹਾਲ।
ਪੋਹ ਦੇ ਮਹੀਨੇ ...........

ਸਰਘੀ ਵੇਲੇ ਰਗੜ ਕੇ–
ਨਿੰਮ ਤੁੰਮੇ ਤੋਹਮਤਾਂ ਦੇ,
ਸੁਰਖ ਲਬ੍ਹਾਂ ਨੂੰ ਕੋਈ ਲਾਵਦਾ।
ਨਸੀਬਾਂ ਵਿੱਚ ਲਿਖੇ ਜੋ ਨੇ–
ਕਸੈਲੇ ਘੁੱਟ ਦੁੱਖਾਂ ਵਾਲੇ,
ਗਰੀਆਂ ਛੁਆਰੇ ਕਿੰਜ ਖਾਂਵਦਾ।
ਸੁਨਹਿਰੀ ਪੌਣ ਵੰਡਦੀ ਏ–
ਨਿੱਘ ਸਦਾ ਰਾਠਾਂ ਘਰ,
"ਕਾਹਲ" ਸਾਰੇ ਵਖਤ ਕੰਗਾਲ।
ਪੋਹ ਦੀ ਮਹੀਨੇ ਕੋਈ ਸੇਕ ਰਿਹਾ ਵੇਖੋ ਪਾਲਾ
ਹੱਡ ਸਾਡੇ ਚਾਵਾਂ ਦੇ ਓ ਬਾਲ।

✡✡

## ਜਿਸ ਤਨ ’ਤੇ ਫੱਟ ਨੇ ਬਿਰਹੋ ਦੇ

ਮੇਰੇ ਗੀਤਾਂ ਦੇ ਪੂੰਝੇਗਾ ਉਹ ਅੱਥਰੂ
ਜਿਸ ਨੇ ਨੈਣੋਂ ਨੀਰ ਵਹਾਇਆ ਏ।
ਜਿਸ ਤਨ ’ਤੇ ਫੱਟ ਹਨ ਬਿਰਹੋ ਦੇ,
ਪੀੜਾਂ ਨੂੰ ਰੱਜ ਹੰਡਾਇਆ ਏ।

ਮਰ ਗਈ ਪ੍ਰੀਤ ਪਲੇਠੀ ਦੇ–
ਯਾਦਾਂ ਦੇ ਪੋਤੜੇ ਰੱਖੇ ਨੇ।
ਫੁੱਲ ਡੋਡੀ ਲੱਗੇ ਵਸਲ ਤਾਈਂ,
ਮੰਨੇ ਦੂਲੇ ਦੇ ਅੱਖੇਂ ਨੇ
ਦਰ ਦੁੱਖਾਂ ਦੇ ਬੰਨੋ ਮਿਰਚਾਂ
ਇਹ ਵੇਦਨਾ ਕੁੱਖੋਂ ਜਾਇਆ ਏ
ਮੇਰੇ ਗੀਤਾਂ ਦੇ ............

ਗੁੜਤੀ ਸਾਨੂੰ ਹੈ ਦਿੱਤੀ ਗਈ,
ਮਿਲਾ ਕੇ ਹੌਕੇ ਹਾਵਾਂ ਦੀ।
ਕੰਨੀ ਜਦ ਵੀ ਅਵਾਜ਼ ਪਈ,
ਤਾਂ ਪਈ ਸਾਨੂੰ ਧਾਵਾਂ ਦੀ।
ਘੜੀ ਪਲ ਵੀ ਅੱਖ ਜਦ ਲਾਈ ਗ਼ਮ ਨੇ
ਗਾ ਕੀਰਨੇ ਅਸਾਂ ਸੁਲ੍ਹਾਇਆ ਏ
ਮੇਰੇ ਗੀਤਾਂ ਦੇ ਪੁੱਛੇਗਾ .............

ਸਾਡੇ ਲੇਖਾਂ ਵਿਹੜੇ ਹਿਜਰਾਂ ਨੇ,
ਚੀਸਾਂ ਦੇ ਗੀਟੜੇ ਖੇਡੇ ਨੇ।
ਡਿੱਗੇ ਨੇ ਮੂਧੜੇ ਮੂੰਹ ਹਾਸੇ,
ਤਾਂਘਾਂ ਦੇ ਵੱਜੇ ਠੇਡੇ ਨੇ।
ਸਾਨੂੰ ਜਦ ਵੀ ਕਿਸੇ ਜੇ ਹੈ ਚੁੱਕਿਆ
ਤਾਂ ਲੰਗੜੇ ਸਬਰ ਨੇ ਚਾਇਆ ਏ

“ਕਾਹਲ ਹੰਝੂਆਂ ਵਿੱਚ ਜੇ ਛੇਕ ਹੁੰਦੇ
ਅਸੀਂ ਜ਼ੁਲਫਾਂ ਵਿੱਚ ਪਰੋ ਲੈਂਦੇ।
ਮੁੱਕ ਜਾਂਦਾ ਨੀਰ ਜੇ ਅੱਖੀਆਂ ਦਾ,
ਅਸੀਂ ਰੱਜ ਰੱਜ ਕੇ ਤਾਂ ਰੋ ਲੈਂਦੇ।
ਧਰਾਸ ਆਉਂਦੀ ਨਹੀਂ ਮਨ ਚੰਦਰੇ ਨੂੰ
ਕਿਸ ਰੋਗ ਕੁਲੱਲਾ ਲਾਇਆ ਏ
ਮੇਰੇ ਗੀਤਾਂ ਦੇ ਪੂੰਝੇਗਾ ਉਹ ਅੱਥਰੂ
ਜਿਸ ਨੈਣੋਂ ਨੀਰ ਵਹਾਇਆ ਏ।

# ਪੈ ਗਈ ਏ ਆਦਤ ਪੀੜਾਂ ਪੀਣ ਦੀ

ਪੈ ਗਈ ਏ ਆਦਤ ਪੀੜਾਂ ਪੀਣ ਦੀ,
ਸਿੱਖ ਲਈ ਏ ਜਾਂਚ ਮਰ ਕੇ ਜੀਣ ਦੀ।
ਲੀਰੋ ਲੀਰ ਹੋ ਗਿਆ ਮੁਕੱਦਰ ਮੇਰਾ,
ਫਿਰ ਵੀ ਕਰਦਾ ਮੈਂ ਹਾਂ ਕੋਸ਼ਿਸ਼ ਸੀਣ ਦੀ।
ਖੁਸ਼ੀਆਂ ਨੂੰ ਹਰ ਇੱਕ ਕਲਾਵੇ ਮਾਰਦਾ,
ਵਾਤ ਨਾ ਪੁੱਛੀ ਕਿਸੇ ਗ਼ਮਗੀਨ ਦੀ।
ਜ਼ਿੰਦਗੀ ਦੀ ਮਿਠਾਸ ਪੀਣ ਵਾਲਿਓ,
ਲੋੜ ਪੈ ਜਾਂਦੀ ਕਦੇ ਨਮਕੀਨ ਦੀ।
ਚੜ੍ਹਦੇ ਸਰਜ ਨੂੰ ਸਲਾਮਾਂ ਹੁੰਦੀਆਂ,
ਕੌਣ ਲੈਂਦਾ ਸਾਰ ਹੈ ਮਸਕੀਨ ਦੀ।
ਬੁਲੰਦ ਹੋ ਜਾਂਦੀ ਹੈ ਰਲ ਸੰਗ ਸਾਰਿਆਂ,
ਉੱਠਦੀ ਏ ਅਵਾਜ਼ ਜਦ ਵੀ ਦੀਨ ਦੀ।
ਸੁਨਹਿਰੀ ਚਦਰ ਐਬ ਸਾਰੇ ਕਜਦੀ,
"ਕਾਹਲ" ਨੰਗੀ ਹੁੰਦੀ ਇਜ਼ਤ ਸਦਾ ਹੀ ਹੀਨ ਦੀ।

✡✡

# ਗੀਤਾਂ ਸੰਗ ਲੁੱਕ ਲੁੱਕ ਰੋਏ

ਦੇਖ ਕੇ ਗਲੈਂਡੂ ਮੇਰੇ, ਗੀਤਾਂ ਦਿਆਂ ਨੈਣਾਂ ਵਿੱਚ
ਗੀਤਾਂ ਸੰਗ ਲੁੱਕ ਲੁੱਕ ਰੋਏ।
ਚਾਂਦੀ ਦੀ ਕਟਾਰ ਇੱਥੇ ਕੱਟਦੀ ਪ੍ਰੀਤ ਸਦਾ,
ਡਾਹਢੇ ਹੱਥੋਂ ਕੋਈ ਵੀ ਨਾ ਖੋਹੇ।
ਪੁੰਨਿਆ ਦੀ ਚਾਂਦਨੀ ਨਾਲ,
ਧੋਵਾਂ ਲੱਖ ਮੱਸਿਆ ਮੈਂ,
ਗੋਰੀ ਚਿੱਟੀ ਫਿਰ ਵੀ ਨਾ ਹੋਇ।
ਧੂੰ ਧੂੰ ਸੁੱਟਦੀ ਮੈਂ-
(ਮਸਾਨ ਕੱਚੇ ਹਿਜਰਾਂ ਦੇ
ਮਗਰੋਂ ਨਾ ਲੱਥਦੇ ਇਹ ਮੋਏ।
ਕਾਲਖਾਂ ਨਾਲ ਭਰਿਆ-
ਨਸੀਬਾ ਸਾਡਾ ਚੰਦਰਾਂ ਨੀ,
ਕੁੰਗ ਕਟੋਰੀ ਕਿਹੜੀ ਧੋਏ।)
ਦੇ ਗਿਆ ਤ੍ਰੇਲ ਮੋਤੀ-
ਖ਼ੁਆਬਾਂ ਗਲ ਪਾਵਨੇ ਨੂੰ,
ਕਿਹੜਾ ਗਾਨੀ ਇਨ੍ਹਾਂ ਦੀ ਪਰੋਏ।
ਕਿੰਚਰ ਮੈਂ ਚੁੱਕੀ ਫਿਰਾਂ-
ਦਮ-ਦਿਲਾਸੇ ਲਾਰਿਆਂ ਦੇ,
ਡਿੱਗ ਡਿੱਗ ਪੈਣ ਸਦਾ ਟੋਇ।
ਆਸ ਦਾ ਨੀ ਖੇਤ ਮੇਰਾ-
ਸੁੱਕੇ ਦਾ ਹੀ ਰਿਹਾ ਸੁੱਕਾ,
ਭਾਵੇਂ ਲੱਖ ਖੂਹ ਨੈਣ ਜੋਏ।
ਕਾਲੀਆਂ ਰਾਤਾਂ ਸਾਡੇ-
ਪੇਸ਼ ਪਈਆਂ ਯਾਦਾਂ ਦੀਆਂ,
ਕੌਣ ਮੰਗੇ ਸੂਰਜੇ ਤੋਂ ਲੋਇ।
ਨੀਲੀਆਂ ਹੋ ਚੱਲੀਆਂ ਨੇ
ਰੀਝਾਂ ਕੀਰ "ਕਾਹਲ" ਦੀਆਂ
ਰਗਾਂ ਵਿੱਚ ਕਿਊੜੇ ਕਿਸ ਚੋਇ।

✡✡

## ਆਜਾ ਦਿਲਬਰ

ਆ ਜਾਹ ਆ ਜਾਹ ਆ ਜਾਹ ਦਿਲਬਰ,
ਤੁੱਧ ਬਾਝ ਨਾ ਬੀਤੇ ਪਲ ਪਲ ਪਲ।
ਦਮ-ਦਿਲਾਸੇ ਦੇ ਦਿਲ ਪ੍ਰਚਾਇਆ ਏ,
ਨਿਓ ਬੇਕਦਰਾਂ ਸੰਗ ਲਾਇਆ ਏ,
ਵੇਖ ਤਨ ਮਨ ਮੇਰਾ ਰਾਖ ਹੋਇਆ,
ਬਿਰਹੋ ਦੇ ਲਾਂਬੂ ਬਲ ਬਲ ਬਲ।
ਆਜਾ ਆਜਾ ਆ ਜਾਹ .............

ਦਿਨ ਚੈਨ ਨਾ ਰਾਤ ਨੂੰ ਨੀਂਦ ਆਈ,
ਮੇਰੀ ਬਾਤ ਓ ਤਾਰਿਆਂ ਨੇ ਪਾਈ,
ਬੱਦਲਾਂ ਨੇ ਕੇਰੇ ਹਨ ਅੱਥਰੂ,
ਉੱਠੀ ਵਸਲ ਦੀ ਦਿਲ ਵਿੱਚ ਛੱਲ ਛੱਲ ਛੱਲ।
ਆਜਾ ਆਜਾ ਆ ਜਾਹ .............

ਮੈਂ ਥੱਕ ਗਈ ਹਾਂ ਹੁਣ ਅੱਕ ਗਈ ਹਾਂ,
ਵੇਖ ਸ਼ਰਮ ਦੇ ਘੁੰਘਟ ਚੱਕ ਗਈ ਹਾਂ
ਅਸਾਂ ਮਾਰ ਕਟਾਰੀ ਮਰ ਜਾਣਾ,
ਤੁਸਾਂ ਅੱਜ ਵੀ ਕਿਹਾ ਜੇ ਕੱਲ੍ਹ ਕੱਲ੍ਹ ਕੱਲ੍ਹ
ਆਜਾ ਆਜਾ ਆ ਜਾਹ ............

ਤੇਰੇ 'ਤੇ ਮੇਰਾ ਕੋਈ ਜ਼ੋਰ ਨਹੀਂ
ਘਲਾ ਕਾਸਦ ਤੁੱਧ ਵੱਲ ਹੋਰ ਲਹੀਂ,
ਇੱਕ ਸਾਹ ਸੀਨੇ 'ਚ ਅਟਕ ਰਿਹਾ,
ਦਿੰਦੀ ਮੌਤ ਸੁਨੇਹੜਾ ਘੱਲ ਘੱਲ ਘੱਲ।

ਕਿੱਥੇ ਹੁਸਨ ਦਾ ਅੱਜ ਗਰੂਰ ਗਿਆ,
ਹੋ ਪਲ ਵਿੱਚ ਚੂਰੋ ਚੂਰ ਗਿਆ,
ਜੀਵਨ ਦੀਆਂ ਸ਼ਾਮਾਂ "ਕਾਹਲ" ਹੋਈਆਂ,
ਗਿਆ ਹੁਸਨ ਦੁਪਹਿਰਾ ਢਲ ਢਲ ਢਲ।
ਆਜਾ ਆਜਾ ਆਜਾ ਦਿਲਬਰ
ਤੁੱਧ ਬਾਝ ਨਾ ਬੀਤੇ ਪਲ ਪਲ ਪਲ।

✡✡

*''ਪੌਣ ਪੈਰ ਘੁੰਗਰੂ ਕਿਸ ਬੰਨੇ*
*ਉਹ ਪਾ ਛਣਕਾਟਾ ਲੰਘਦੀ,*
*ਉੱਡੀ ਨੀਂਦ ਤੇ ਖੁਆਬ ਗੁਆਚੇ*
*ਜਿੰਦ ਸੂਲੀ 'ਤੇ ਟੰਗਦੀ*
*ਇੱਕ ਦਿਲ ਸੀ ਉਹ ਸੱਜਣ ਲੈ ਗਏ*
*ਕਿੰਜ ਹੋਰ ਉਧਾਰਾ ਮੰਗਦੀ''*

## ਦੇ ਜੁਦਾਈਆਂ ਲੰਬੀਆਂ

ਰੁੱਤ ਫਿਰੀ ਬੂਟੇ ਮਹਿਕ ਪਏ,
ਪਿਆ ਅੰਬੀਆਂ ਨੂੰ ਬੂਰ।
ਦੇ ਜੁਦਾਈਆਂ ਲੰਬੀਆਂ,
ਉਏ ਢੋਲਾ ਤੁਰ ਗਿਆ ਦੂਰ।
ਨਾ ਉਹਨਾਂ ਪੁੱਛਿਆ–
ਨਾ ਅਸਾਂ ਦੱਸਿਆ–
ਦੇ ਗਏ ਪਿੱਠ ਓ ਮਿੱਤ ਸਾਨੂੰ।
ਨੀਂਦ ਨਾ ਆਵੇ
ਚੈਨ ਸਤਾਵੇ
ਯਾਦ ਰੁਲਾਉਂਦੀ ਨਿੱਤ ਸਾਨੂੰ
ਜਾਣ ਵਾਲਿਆ ਜਮ ਜਮ ਜਾਹ
ਦੱਸ ਜਾਈ ਰਤਾ ਕਸੂਰ।
ਹਿਜਰ ਤੇਰੇ ਦਾ ਮੋਤੀਆ ਹੋਇਆ
ਮ੍ਰਿਗ ਨੈਣੀ ਓ ਅੱਖੀਆਂ ਨੂੰ
ਪੁੱਛਣ ਕਿਕੰਣ ਹੋਈ ਅੰਨ੍ਹੀ
ਦਸਾਂ ਕੀ ਮੈਂ ਸਖੀਆਂ ਨੂੰ
ਚੰਕਵੀਂ ਮੇਰੇ ਵਾਂਗੂ ਰੋਵੇ
ਕਹਿੰਦੀ ਸੂਰਜ ਖੋਹ ਲਿਆ ਨੂਰ।
ਗੁਲਾਬੀ ਮੇਰੀ ਦੇਹ ਦੇ ਉੱਤੇ
ਗ਼ਮਾਂ ਦੇ ਧਰੇ ਅੰਗਾਰੇ ਵੇ
ਵੇਦਨਾ ਨੇ ਹੇ ਬਾਤ ਓ ਛੇੜੀ
ਪੀੜਾਂ ਭਰਨ ਹੁੰਗਾਰੇ ਵੇ

ਦੁੱਖਾਂ ਨੇ ਹੈ ਪਾਈ ਬਾਘੀ
ਹੋਈਆਂ ਸਧਰਾਂ ਚਕਨਾ ਚੂਰ।
ਕੋਠੇ ਚੜ ਹੜ ਨਿੱਤ ਵੇਖਦੀ
ਆਥਣ ਮੁੜਦੀਆਂ ਡਾਰਾਂ ਵੇ
ਸੁਨੇਹੜਾ "ਕਾਹਲ" ਨੂੰ ਦੇ ਕੇ ਜਾਣਾ
ਮੰਨੀਆਂ ਤੱਤੀ ਹਾਰਾਂ ਵੇ
ਡੁੰਗ ਜਾਣ ਨਾ ਤੋਤੇ ਅੰਬੀਆਂ
ਕਿੰਚਰ ਗੁਲੇਲੇ ਕੱਸੇਗੀ ਹੂਰ।
ਦੇ ਜੁਦਾਈਆਂ ਲੰਬੀਆਂ
ਉਏ ਢੋਲਾ ਤੁਰ ਗਿਆ ਦੂਰ।

✡✡

## ਕੂਲੇ ਕੂਲੇ ਚਾਅ ਸਾਡੇ ਖਾਵੇ

ਮਾਏ ਨੀ ਮਾਏ
ਮੇਰਾ ਭੁੱਖਾ ਭਾਣਾ ਬਿਰਹੋ ਨੀ,
ਕੂਲੇ ਕੂਲੇ ਚਾਅ ਸਾਡੇ ਖਾਵੇ।
ਅਲੂਣੀਆਂ ਪਰੋਸਾ ਪੀੜਾਂ–
ਦਿਲ ਦੇ ਜੇ ਥਾਲ ਕਦੀ,
ਉਹਨਾਂ ਨੂੰ ਤਾਂ ਮੂੰਹ ਨਾ ਨੀ ਲਾਵੇ
ਟੁੱਕ ਟੁੱਕ ਸੁੱਟਦਾ ਏ
ਸਧਰਾਂ ਦੇ ਮੇਵੇ ਮੇਰੇ
ਰੀਝਾਂ ਸੰਗ ਕਰਦਾ ਕਲੋਰੀਆ
ਹਿਜ਼ਰ ਪਲੇਠਾ ਤੇਰਾ
ਕਿੰਨਾ ਕੂ ਏ ਲਾਡਲਾ ਨੀ
ਪੁੱਛਦੀਆਂ ਰਾਤਾਂ ਮੈਥੋਂ ਗੋਰੀਆਂ
ਮਾਰ ਕੇ ਚਭੋਲੇ ਸਾਡੇ
ਨੈਣਾਂ ਵਿੱਚ ਤਾਂਘਾਂ ਦੇ ਉਹ
ਹੰਝੂਆਂ ਦੀ ਨਇ ਥੀਂ ਵਹਾਵੇ

ਛੋਹਾਂ ਕਦੀ ਭੁੱਲ ਕੇ
ਕਸੀਦੜਾ ਪ੍ਰੀਤ ਦਾ ਮੈਂ
ਯਾਦਾਂ ਦੀਆਂ ਤੰਦਾਂ ਉਲਝਾਉਂਦਾ
ਸਬਰ ਦੀ ਚੱਦਰ ਮੇਰੀ
ਨਵੀਂ ਲੀਰੋ ਲੀਰ ਕੀਤੀ
ਬਾਗ ਘੁੰਘਟ ਕਿੰਜ ਕੋਈ ਪਾਉਂਦਾ
ਸੋਚਾਂ ਦੀ ਨਜ਼ਰ ਘੱਟ
ਤਿੱਖੀ ਸੂਈ ਪੱਟ ਕੱਢਾਂ
ਪੋਟੇ ਕੂਲੇ ਵਿੰਨ ਵਿੰਨ ਜਾਵੇ

ਸਰਘੀ ਵੇਲੇ ਜੇ ਕਦੀ
ਡਾਹਵਾਂ ਚਰਖੀ ਤਨ ਦੀ ਮੈਂ
ਗ਼ਮਾਂ ਦੀਆਂ ਪੂਣੀਆਂ ਲਏ ਖੜੱਦਾ
ਅਟੈਰ ਦੇ ਚੰਗੇਰ ਭਰ
ਹੌਂਕੇ ਇਹ ਗਲੋਟਿਆਂ ਦੇ
ਨਹੀਂ ਤਾਂ ਉਹ ਤੱਕਲੇ ਨੂੰ ਫੜਦਾ
ਚਰਖੀ ਦੀ ਘੂਕ ਉੱਠੀ
ਵੇਦਨਾ ਓ ਕੂੰਕ ਉੱਠੀ
ਸੁਣ ਕੇ ਵੀ "ਕਾਹਲ" ਨਾ ਆਵੇ।
ਮਾਏ ਨੀ ਮਾਏ
ਮੇਰਾ ਭੁੱਖਾ ਭਾਣਾ ਬਿਰਹੋ ਨੀ
ਕੂਲੇ ਕੂਲੇ ਚਾਅ ਸਾਡੇ ਖਾਵੇ।

✡✡

## ਮਾਹੀ ਵੇ ਸਾਨੂੰ ਵੀ ਤਾਂ ਪਿਆਰ ਹੈ ਓ ਲੋੜੀਦਾ

ਮਾਹੀ ਵੇ .............
ਸਾਨੂੰ ਵੀ ਪਿਆਰ ਹੈ ਓ ਲੋੜੀਦਾ।
ਪ੍ਰੀਤ ਵਿਛੁੰਨੇ ਸੱਜਣਾ ਤਾਈਂ,
ਖਾਲੀ ਇੰਜ ਨਹੀਂ ਮੋੜੀਦਾ।
ਮਾਹੀ ਵੇ .............

ਆਈ ਨਾਲ ਤਾਂ ਹਰ ਕੋਈ ਜਾਵੇ,
ਆਪਣੀ ਉਮਰੇ ਮਰ ਵੇ।
ਪੱਤੀ ਪੱਤੀ ਤੋੜ ਕੇ ਦਿਲ ਦੀ,
ਹਾੜਾ ਇੰਜ ਨਾ ਕਰ ਵੇ।
ਚਾਅ ਗੁਲਾਬੀ ਗੋਰੇ ਫੁੱਲ ਨੂੰ
ਗੁੱਸੇ ਨਾਲ ਨਹੀਂ ਤੋੜੀਦਾ।
ਮਾਹੀ ਵੇ .............. ਸਾਨੂੰ ਵੀ

ਬਾਗ ਹੁਸਨ ਦੇ ਸੁਣ ਵੇ ਢੋਲਾ,
ਸੱਗਨਾਂ ਦੇ ਨਾਲ ਜਾਈਏ।
ਲਾਅ ਪਲਕਾਂ ਨੂੰ ਕੂਲੀਆਂ ਕੱਲੀਆਂ
ਮਸਤਕ ਨਾਲ ਛੁਹਾਈਏ।
ਪੈਰਾਂ ਹੇਠ ਅੱਧ ਖਿਲੀਆਂ ਕਲੀਆਂ
ਨੂੰ ਨਹੀਂ ਕਦੀ ਮਰੋੜੀ ਦਾ।
ਮਾਹੀ ਵੇ ..............

ਦਿਲ ਦਾ ਸ਼ੀਸ਼ਾ ਨਾਜ਼ੁਕ ਹੁੰਦਾ
ਆਖਿਆ ਤੈਨੂੰ ਲੱਖ ਵੇ।
ਤਿੜਕ ਜਾਏ ਨਾ ਕਿਧਰੇ ਚੰਦਰਾ,
ਸਾਂਭ ਸਾਂਭ ਕੇ ਰੱਖ ਵੇ।
ਕੂਲੇ ਹੱਥੀਂ ਚੁੱਕ ਪੋਲੇ ਜਿਹੇ,
ਦਿਲ ਦੀ ਨੁੱਕਰੇ ਜੋੜੀਦਾ।
ਮਾਹੀ ਵੇ ...............

ਰਾਤ ਚਾਂਦਨੀ ਵੱਗ ਕਿਰਨਾਂ ਦਾ
ਮੋਤੀ ਚੁਗਣ ਆਇਆ।
ਹੰਭ ਗਿਆ ਉਹ ਪੀ ਪੀ ਸ਼ਬਨਮ,
ਫਿਰ ਵੀ ਫਿਰੇ ਤਿਹਾਇਆ।
ਉੱਡ ਗਈਆਂ ਕੂੰਜਾਂ ਪਿੱਛੇ ਢੋਲਾ,
ਅੰਨ੍ਹੇ ਵਾਹ ਨਹੀਂ ਦੌੜੀਦਾ।
ਮਾਹੀ ਵੇ ..............

ਜਿਹਨਾਂ ਪਿੱਛੇ ਫਿਰੇ ਤੂੰ ਨੱਸਿਆ,
ਪਰਿੰਦੇ ਉਹ ਨਿਰਮੋਹੇ,
ਵਿਸਾਰ ਗਏ ਜੋ ਆਪਣੇ ਬੱਚੜੇ-
ਤੇਰੇ ਕਿੱਥੋਂ ਹੋਏ।
"ਕਾਹਲ" ਕੰਕਾਰਾਂ ਹੁੰਦਾ ਪਿੱਛੋਂ
ਮਰ ਗਏ ਬੋਹੜੀ ਬੋਹੜੀ ਦਾ
ਮਾਹੀ ਵੇ .......ਸਾਨੂੰ ਵੀ ਪਿਆਰ ਹੈ ਓ ਲੋੜੀਦਾ।

✡✡

## ਦਿਲਾ ਵੇ ਹੁਣ ਕਿਓ ਕਰਨਾ

ਦਿਲਾ ਵੇ ਹੁਣ ਕਿਓ ਕਰਨਾ ਏ
ਕਿਉਂ ਕਰਨਾ ਏ ਫਰਿਯਾਦ।
ਦੋਸ਼ ਦੇਈਏ ਕਿਸ ਤਾਈਂ,
ਰੋਸ ਦੇਈਏ ਕਿਸ ਤਾਈਂ,
ਕਰ ਗਏ ਸੱਜਣ ਬਰਬਾਦ।
ਦਿਲਾ ਵੇ ਹੁਣ ਕਿਓ ਕਰਨਾ,
ਕਿਉਂ ਕਰਨਾ ਏ ਫਰਿਯਾਦ।

ਪਾਗਲ ਦਿਲਾਂ ਰੋ ਨਾਹੀ,
ਝੱਲਾ ਜਿਹਾ ਹੋ ਨਾਹੀ,
ਕਰਿਆ ਨਾ ਕਰ ਬਹੁਤਾ ਯਾਦ।
ਦਿਲਾ ਵੇ ਹੁਣ ਕਿਓ ............

ਗਲਾ ਤੇਰਾ ਸੁੱਕ ਗਿਆ,
ਨੀਰ ਨੈਣੋਂ ਮੁੱਕ ਗਿਆ,
ਅਜੇ ਪੂਰੀ ਹੋਈ ਨਾ ਮੁਰਾਦ।
ਦਿਲਾ ਵੇ ਹੁਣ ਕਿਓ .............

ਬਾਗ ਦੀ ਪਕੜ ਵਿੱਚੋਂ,
ਪ੍ਰੀਤ ਦੀ ਜਕੜ ਵਿੱਚੋਂ,
ਕੋਈ ਕੋਈ ਹੁੰਦਾ ਏ ਅਜ਼ਾਦ
ਦਿਲਾ ਵੇ ਹੁਣ ..............

ਹੁਸਨ ਕਦੀ ਮਹਿਕਦੇ ਸੀ,
ਫੁੱਲ ਕਦੀ ਟਹਿਕਦੇ ਸੀ,
"ਕਾਹਲ" ਹੁੰਦੇ ਸੀ ਅਸੀਂ ਵੀ ਅਬਾਦ।
ਦਿਲਾ ਵੇ ਹੁਣ ਕਿਉਂ ਕਰਨਾ ਏ,
ਕਿਓ ਕਰਨਾ ਏ ਫਰਿਆਦ।

✡✡

## ਮੇਰਾ ਸਯਦਾ ਲੋਕੋ ਸੋ ਵਾਰੀ

ਮੇਰਾ ਸਯਦਾ ਲੋਕੋ ਸੋ ਵਾਰੀ,
ਇਹਨਾਂ ਮਹਿਕ ਭਰੀ ਗੁਲਜ਼ਾਰਾਂ ਨੂੰ
ਚੁੰਮ ਲਾ ਮੈਂ ਮਸਤ ਹਵਾਵਾਂ ਉਹ,
ਜੋ ਖਹਿ ਕੇ ਆਈਆਂ ਯਾਰਾਂ ਨੂੰ।
ਪਲ ਦੋ ਪਲ ਵਸਲ ਦੇ ਉਹ ਚੰਦਰੇ,
ਸਾਨੂੰ ਗੁੰਮ ਗੁੰਮ ਹਾਏ ਕਰਗੇ ਨੇ,
ਚਿਹਰੇ ਦੇ ਕੁੰਗ ਕਟੋਰੇ ਵੀ,
ਛੱਲਕ ਪਏ ਜਦ ਭਰ ਗਏ ਨੇ।
ਅਸ਼ਕਾਂ ਤੋਂ ਨਮੀ ਮਿਲ ਗਈ ਏ,
ਪੂਰੇ ਦੀਆਂ ਸ਼ੋਖ ਫੁਹਾਰਾਂ ਨੂੰ।
ਮੇਰਾ ਸਯਦਾ ਲੋਕੋ ਸੋ ...............

ਉਹ ਵਾਅਦੇ ਕੋਲ ਕਰਾਰ ਸੱਭੇ
ਚਬਾਇਆਂ ਬਿੰਨ ਹੀ ਖਾ ਗਏ ਨੇ,
ਅਸੀਂ ਤੱਕਦੇ ਰਹੇ ਓ ਅਰਸ਼ਾਂ ਨੂੰ,
ਉਡਾਰੀ ਉਹ ਲੰਬੀ ਲਾ ਗਏ ਨੇ।
ਹੁਣ ਆਸ ਦਾ ਚੋਗਾ ਨਿੱਤ ਸੁੱਟੀਏ,
ਵੇਖ ਕੂੰਜਾਂ ਦੀਆਂ ਡਾਰਾਂ ਨੂੰ।
ਚੁੰਮ ਲਾ ਮੈਂ ਮਸਤ ਹਵਾਵਾਂ ਉਹ .............

ਅੰਗ ਕੂਲੇ ਕੂਲੇ ਕਲੀਆਂ ਦੇ,
ਭੰਵਰਿਆਂ ਨੇ ਹੁਣੇ ਜਗਾਏ ਨੇ।
ਫੁੱਲ ਹੁਸਨ ਦੇ ਤੋੜਕੇ ਤੁਰ ਚੱਲੇ,
ਉਹ ਸੈਰ ਬਹਾਨੇ ਆਏ ਨੇ।
ਜਦ ਮਾਲੀ ਹੀ ਨਾ ਰੋਕ ਸਕੇ,
ਅਸੀਂ ਦੋਸ਼ ਕੀ ਦੇਈਏ ਖਾਰਾ ਨੂੰ
ਚੁੰਮ ਲਾ ਮੈਂ ਮਸਤ ਹਵਾਵਾਂ ਉਹ ..........

ਕਿਸਮਤ ਆਪਣੀ ਨੂੰ ਬਦਲਣ ਲਈ,
ਦੇਖਾਂਗਾ ਕੋਸ਼ਿਸ਼ ਕਰਕੇ ਮੈਂ,
ਲਬ੍ਹ ਫਰਕਣਗੇ ਅੱਖ ਖੋਲ੍ਹਾਂਗਾ,
ਉੱਠਾਂਗਾ ਇੱਕ ਵਾਰ ਮਰਕੇ ਮੈਂ
"ਕਾਹਲ" ਕਰੇਗਾ ਫਿਰ ਸਯਦਾ
ਇੱਕ ਵਾਰ ਆਪਣੀਆਂ ਹਾਰਾਂ ਨੂੰ
ਚੁੰਮ ਲਾ ਮੈਂ ਮਸਤ ਹਵਾਵਾਂ ਉਹ
ਜੋ ਖਹਿ ਕੇ ਆਈਆਂ ਯਾਰਾਂ ਨੂੰ।

✡✡

*"ਹੜ੍ਹ ਜੋਬਨ ਦਾ ਚੜ੍ਹਿਆ ਮਾਰੂ*
*ਤੇ ਮਰੇਂਦਾ ਹੁਸਨ ਉਛੱਲੇ।*
*ਨਾਜ਼ਕ ਜਿੰਦ ਸਾਡੀ ਪਈ ਘਵੇਰੀ,*
*ਤੇ ਪੱਤਣ ਬਾਘਾਂ ਮੱਲੇ।*
*ਆ ਢੋਲਾ ਫੜ ਬਾਂਹ ਅਸਾਂ ਦੀ*
*ਤੇ ਅਸੀ ਮਰ ਨਾ ਜਾਈਏ ਇਕੱਲੇ"*

## ਆਜਾ ਹਾਣੀਆਂ

ਆਜਾ ਹਾਣੀਆਂ ........ ਅੰਬੀਆਂ ਸੰਧੂਰੀ ਪੱਕ ਗਈਆਂ,
ਡਾਰਾਂ ਬੰਨ ਬੰਨ ਕਾਗ ਨੇ ਆਉਂਦੇ,
          ਮਾਰ ਗੁਲੇਲੇ ਰਹੀਆਂ-
          ਓ ਸ਼ਾਮਾਂ ਪਈਆਂ।
ਆਜਾ ਰਾਂਝਣਾ ਅੰਬੀਆਂ ਸੰਧੂਰੀ ਪੱਕ ਗਈਆਂ।

          ਚੜ੍ਹੀ ਜਵਾਨੀ ਮਾਰ ਉਛੱਲੇ,
          ਰੀਝਾਂ ਹੱਥ ਸੁਨੇਹੜੇ ਘੱਲੇ,
          ਤਰਸਣ ਚਾਅ ਇਕੱਲੇ-
          ਸੁਣ ਮੇਰੇ ਸਈਆ।
          ਆਜਾ ਹਾਣੀਆਂ ................

ਜੋਬਨਮਤੀ ਭਰੀ ਕਿਆਰੀ,
ਇਹਨਾਂ ਅੰਬੀਆਂ ਮਹਿਕ ਖਿਲਾਰੀ,
ਆਉਂਦੇ ਭੰਵਰੇ ਮਾਰ ਉਡਾਰੀ-
ਤੇ ਲੈਂਦੇ ਝਈਆਂ
          ਆਜਾ ਢੋਲਣਾ .............

ਝੰਗੀ ਦੇ ਵਿੱਚ ਕੋਇਲ ਕੂੰਕੇ,
ਵਿੱਸ਼ ਭਰੀ ਨਾਗਿਨ ਬ੍ਰਿਹੋ ਸ਼ੂੰਕੇ,
ਕੂਲੀ ਦੇਹ ਤਾਹੀਂ ਪਈਓ ਫੂਕੇ-
          ਨੀਲੀ ਹੋ ਗਈਆ।

ਆਜਾ ਹਾਣੀਆਂ ..... ਅੰਬੀਆਂ ..........
ਮੰਨ ਅਰਜ਼ੋਈ ਆਜਾ ਘਰ,
ਸੱਜਣਾ ਵੇ ਹੋਰ ਦੇਰ ਨਾ ਕਰ,
ਰਾਤ ਹਨੇਰੀ ਲੱਗਦਾ ਡਰ
ਤਾਹਨੇ ਦੇਣ ੳ ਸਹੀਆਂ
ਆਜਾ ਹਾਣੀਆਂ ਅੰਬੀਆਂ ਸੰਧੂਰੀ ਪੱਕ ...........

ਪਛਾਣੀ "ਕਾਹਲ" ਦੀ ਜਦ ਨੀ ਤੋਰ,
ਨੱਚ ਉੱਠਿਆ ਸਾਡੇ ਮਨ ਦਾ ਮੋਰ,
ਸਧਰਾਂ ਆਣ ਮਚਾਇਆ ਸ਼ੋਰ–
ਤੇ ਖੁਸ਼ੀਆਂ ਖੇਹੀਆਂ।
ਆਜਾ ਹਾਣੀਆਂ ਅੰਬੀਆਂ ਸੰਧੂਰੀ ਪੱਕ ਗਈਆਂ।

✡✡

## ਗੀਤ

ਅਸੀਂ ਗ਼ਮਾਂ ਨੂੰ ਭੁਲਾਉਣ ਲਈ ਚੁੰਨਿਆ ਸਹਾਰਾ।
ਕਦੀ ਭੁੱਲ ਭੁਲੇਖੇ ਜੇ ਮੈਂ ਲਾ ਲਵਾ ਛਿੱਟ,
ਯਾਰ ਆਖਦੇ ਨੇ ਮੈਨੂੰ ਤੂੰ ਪਿਆਕੜ ਏ ਭਾਰਾ।
ਅਸੀ ਗ਼ਮਾਂ ਨੂੰ .................

ਜੋ ਲੈ ਗਏ ਸਾਨੂੰ ਲੁੱਟ, ਮੁੱਖ ਗੋਰੇ ਦਿਲ ਕਾਲੇ,
ਕੋਈ ਫੋਨ ਨਾ ਚਿੱਠੀ, ਦਸੋ ਕਿਵੇਂ ਕੋਈ ਭਾਲੇ,
ਬਹੁਤ ਕਰੀ ਏ ਭੁਕਾਈ, ਲੋਕੋ ਹੋਏ ਹਾਂ ਸ਼ੁਦਾਈ,
ਅਸੀਂ ਆਪਣੇ ਵਲੋਂ ਕੀਤਾ ਹਰ ਇੱਕ ਚਾਰਾ।
ਅਸੀਂ ਗ਼ਮਾਂ ਨੂੰ ...............

ਰਾਤ ਨੀਂਦ ਨਾ ਆਵੇ, ਗਿਆ ਹਕੀਮ ਦੇ ਘਰ,
ਉਹਨੇ ਦਿੱਤੀ ਏ ਸਲਾਹ, ਘੁੱਟ ਲਾਅ ਲਈ ਕਰ,
ਘੁੱਟ ਨਾਲ ਨਾ ਸਰੇ, ਹਾਏ ਚਿੱਤ ਮੇਰਾ ਕਰੇ,
ਡੀਂਕ ਲਾ ਮੈਂ ਮੇਖਾਨਾ ਹੁਣ ਸਾਰੇ ਦਾ ਸਾਰਾ।
ਅਸੀਂ ਗ਼ਮਾਂ ਨੂੰ ...............

ਖੱਟ ਮੇਰੇ ਤੋਂ ਅਸੀਂਸ, ਸਾਕੀ ਕਰਮ ਕਮਾ,
ਦੇਖ ਜ਼ਾਮ ਮੇਰਾ ਖਾਲੀ, ਮਾਸਾ ਇਸ ਵਿੱਚ ਪਾਅ,
ਸੁਣ ਸੁੱਕੀ ਜੇ ਲੰਘਾਈਏ, ਕਿਤੇ ਲੰਘ ਹੀ ਨਾ ਜਾਈਏ
ਉਹ ਲੰਬਾ ਹੱਥ ਕਰਕੇ ਫੜਾਈ ਰੱਤਾ ਖਾਰਾ
ਅਸੀਂ ਗ਼ਮਾਂ ਨੂੰ ..............

“ਕਾਹਲ” ਚੱਲ ਹੁਣ ਘਰ ਉਮਰ ਬੀਤਦੀ ਜਾਪੇ
ਹੋਣੀ ਦਾਰੂ ਦੀ ਨਮੋਸ਼ੀ ਹੋਏ ਇਥੇ ਜੇ ਸਿਆਪੇ
ਰੈਣ ਸੁਖ ਦੀ ਓ ਬੀਤੀ, ਅਸਾਂ ਰੱਜ ਕੇ ਓ ਪੀਤੀ।
ਹੁੰਦੀ ਜਾਪਦੀ ਸਵੇਰ, ਰਿਹਾ ਕੋਈ ਕੋਈ ਤਾਰਾ
ਅਸਾਂ ਗ਼ਮਾਂ ਨੂੰ ਭੁਲਾਉਣ ਲਈ ਚੁੰਨਿਆ ਸਹਾਰਾ
ਕਦੀ ਭੁੱਲ ਭੁੱਲੇਖੇ ਜੇ ਮੈਂ ਲਾ ਲਵਾਂ ਛਿੱਟ ...........
ਯਾਰ ਆਖਦੇ ਨੇ ਮੈਨੂੰ ਤੂੰ ਪਿਆਕੜ ..........

✡✡

## ਪਿੰਡ ਮੇਰਾ ਦਰਦ ਰੰਝਾਣਾ ਏ

ਪਿੰਡ ਮੇਰਾ ਦਰਦ ਰੰਝਾਣਾ ਏ,
ਛੰਨ ਦਰਦ ਫ਼ਰਾਕ ਦੀ ਪਾਈ ਏ।
ਜੰਮਪਲ ਹੈ ਸਾਡਾ ਦੁੱਖਾਂ ਦਾ
ਅਸਾਂ ਰੱਜ ਕੇ ਪੀੜ ਹੰਡਾਈਏ।
ਪਾੜ ਖੁਸ਼ੀਆਂ ਤਾਈਂ ਲੱਗਿਆ ਏ,
ਚਾਅ ਸਾਡੇ ਚੋਰੀ ਹੋਏ ਨੇ।
ਦਿਲ ਬਹੁੜੀ ਬਹੁੜੀ ਕਰਦਾ ਰਿਹਾ,
ਹਮਦਰਦ ਘੋੜੇ ਵੇਚ ਸੋਏ ਨੇ।
ਸਾਨੂੰ ਮਨ ਦੇ ਮਹਿਰਮ ਲਾਇਆ ਜੋ।
ਉਸ ਰੋਗ ਦੀ ਮੌਤ ਦਵਾਈ ਏ
ਪਿੰਡ ਮੇਰਾ ਦਰਦ ...............

ਜਦ ਯਾਦ ਸੱਜਣ ਦੀ ਆਉਂਦੀ ਏ,
ਗੁੰਮ ਯਾਦਾਸ਼ਤ ਮੇਰੀ ਹੋ ਜਾਂਦੀ
ਖਿਆਲਾਂ ਨਾਲ ਰੂਹ ਕਲੋਲ ਕਰੇ,
ਦਿਨ ਦੀਵੀ ਖੁਆਬੀ ਖੋ ਜਾਂਦੀ
ਫੱਟ ਤਾਜ਼ੇ ਹਿਜਰ ਦੇ ਦੁੱਖੜੇ ਨੇ
ਹਾੜ੍ਹਾ ਓ ਮੇਰੀ ਦੁਹਾਈ ਏ।
ਪਿੰਡ ਮੇਰਾ ਦਰਦ ਰੰਝਾਣਾ ................

ਗ਼ਮ ਹਿੱਕ ਨਾਲ ਲਾਈ ਫਿਰਦੇ ਹਾਂ,
ਇਨ੍ਹਾਂ ਦੇ ਸਹਾਰੇ ਜੀ ਰਹੇ ਹਾਂ
ਘੁੱਟ ਲੂਣੇ ਜਿਹੇ ਦੋ ਅੱਖੀਆਂ 'ਚ,
ਹਾਵਾਂ ਸੰਗ ਲੁੱਕ ਲੁੱਕ ਪੀ ਰਹੇ ਹਾਂ
ਸਾਡੀ ਪ੍ਰੀਤ ਨੂੰ ਪੀਲੀਆ ਹੋ ਚੱਲਿਆ,
ਰੰਗ ਚਿਹਰੇ ਦਾ ਜ਼ਰਦਾਈ ਏ।
ਪਿੰਡ ਮੇਰਾ ਦਰਦ ਰੰਝਾਣਾ ..................

"ਕਾਹਲ" ਵੇਦਨਾ ਅਪਣੀ ਕਹਿ ਬੈਠਾ,
ਸਾਵਣ ਦੇ ਮਸਤ ਮਹੀਨੇ ਵਿੱਚ!
ਫੁੱਲ ਕੇਰਨ ਅੱਥਰੂ ਸ਼ਬਨਮ ਦੇ
ਪਈ ਚੀਸ ਕਲੀ ਦੇ ਸੀਨੇ ਵਿੱਚ।
ਦਮ ਦੇਖ ਮਾਲੀ ਦਾ ਧੁੱਖਣ ਲੱਗਾ
ਜਦ ਮਹਿਕ ਧੁਆਂਖੀ ਆਈ ਏ।
ਪਿੰਡ ਮੇਰਾ ਦਰਦ ਰੰਝਾਣਾ ਏ
ਛੰਨ ਦਰਦ ਫ਼ਰਾਕ ਦੀ ਪਾਈ ਏ।

✡✡

## ਚੁੱਪ ਕਰ ਬੱਦਲਾ

ਚੁੱਪ ਕਰ ਬੱਦਲਾ ਨਾ ਕੇਰ ਹੋਰ ਅੱਥਰੂ,
ਸੁਣਿਆ ਨਾ ਜਾਂਦਾ ਸਾਥੋਂ ਦੁੱਖ ਵੇ।
ਬਿਰਹੋ ਦੀ ਪੀੜ, ਪਹਿਲਾ ਦਿਲ ਵਿੱਚ ਰੜਕੇ
ਤੇ ਆਂਦਰਾਂ ਨੂੰ ਖੁਸ਼ੀਆਂ ਭੁੱਖ ਵੇ।
ਮਹਿਕਾਂ ਦੀ ਆਸ ਰੱਖ, ਝਾੜੀਆਂ ਥੀ ਲੰਘੇ ਅਸੀਂ,
ਖਾਰਾਂ ਨਾਲ ਪੱਲੇ ਗਏ ਅੜ ਵੇ।
ਇੱਕ ਸਿੱਪ ਲਿਖਿਆ ਸੀ, ਹਾਸਾ ਸਾਡੇ ਲੇਖਾਂ ਵਿੱਚ,
ਤੇਰੇ ਹੱਥੋਂ ਗਿਆ ਉਹ ਵੀ ਝੜ ਵੇ।
ਲੰਗਰਾਂ ਖਰੋੜ੍ਹੀਆਂ ਨੇ ਦਹਿ ਤਾਈਂ ਚੀਰਿਆ-
ਅੱਲੇ, ਅੱਲੇ ਫੱਟ ਗਏ ਦੁੱਖ ਵੇ।
ਚੁੱਪ ਕਰ ਬੱਦਲਾ ਨਾ ਕੇਰ.............

ਵੰਣ ਜੰਡ ਰੋਂਵਦਾ ਏ
ਬਾਰਾਂ ਵਿੱਚ ਭੁੱਬਾਂ ਮਾਰ,
ਘੇਰੇ ਜਦੋਂ ਉਸ ਨੂੰ ਹਨੇਰੀ ਵੇ।
ਤੈਨੂੰ ਕੀ ਦੱਸਾਂ
ਸਾਡੇ ਦਿਲ 'ਤੇ ਕੀ ਬੀਤਦੀ,
ਆਵੇ ਮਿੱਠੀ ਯਾਦ ਜਦ ਤੇਰੀ ਵੇ।
ਅਸੀਂ ਤਾਂ ਵਿਯੋਗ ਵਿੱਚ-
ਇਹੋ ਹੀ ਹਾ ਆਖਦੇ,
ਹੋਵੇ ਨਾ ਇਕੱਲਾ ਸ਼ਾਲਾ ਰੁੱਖ ਵੇ।
ਚੁੱਪ ਕਰ ਬੱਦਲਾ ..........

ਗ਼ਮਾਂ ਦੇ ਗਹੀਰ ਅਸਾਂ-
ਸੁੱਕੇ ਸੁੱਕੇ ਢੇਰੀ ਕੀਤੇ,
ਸੁੰਨ ਹੋਏ ਸਾਡੇ ਹੱਥ ਪੈਰ ਵੇ।
ਦੱਖਣ ਦੀ ਪੌਣ ਨੇ-
ਮੇਲਿਆ ਘਟਾਵਾਂ ਨੂੰ,
ਵਰਤ ਗਿਆ ਦੇਖ ਕਹਿਰ ਵੇ।

ਨਿੱਕਲਿਆ ਹੋਉਂਕਾ ਸਾਡੀ–
ਹਿੱਕ ਵਿੱਚੋਂ ਕੋਸਾ ਕੋਸਾ,
ਕਾਲਜੇ ’ਤੇ ਧੂਣੀ ਪਈ ਧੁੱਖ ਵੇ
ਚੁੱਪ ਕਰ ਬੱਦਲਾ ...............

ਜੰਮਦਿਆਂ ਸਾਡੇ ਮੱਥੇ–
ਲੱਗ ਗਏ ਕੀਰਨੇ,
ਸਾਰੀ ਉਮਰ ਦਿਲ ਰੋਇਆ ਏ।
ਖੰਣਗਾਹ ਉੱਤੇ ਵੰਡੀ–
ਸ਼ੀਰਨੀ ਹੈ ਰੀਝਾਂ ਦੀ,
ਦੀਵੇ ਤੇਲ ਹੰਝੂਆਂ ਦਾ ਚੋਇਆ ਏ।
ਭਿੰਨੀ ਭਿੰਨੀ ਮਹਿਕ ਰਹੇ–
“ਕਾਹਲ” ਦੇ ਚੁਫੇਰ ਸਦਾ,
ਸੁੱਖੀ ਅਸਾਂ ਦੇਹਰੀਆਂ ਤੇ ਸੁੱਖ ਵੇ।
ਚੁੱਪ ਕਰ ਬੱਦਲਾ ਨਾ ਕੇਰ ਹੋਰ ਅੱਥਰੂ
ਤੇ ਸੁਣਿਆ ਨਾ ਜਾਂਦਾ ਸਾਥੋਂ ਦੁੱਖ ਵੇ।

✡✡

# ਮੈਂ ਤੇਰਾ ਹੀ ਮਰੀਜ਼ ਹਾਂ

ਮੈਂ ਤੇਰਾ ਹੀ ਮਰੀਜ਼ ਹਾਂ, ਓ ਮੇਰੇ ਦਿਲ ਦੇ ਸ਼ਹਿਨਸ਼ਾਹ।
ਕੋਈ ਦੇ ਪੁੜੀ ਕਰ ਯਤਨ, ਸੁਖਾਲੇ ਚਾਰ ਆਉਣ ਸਾਹ।
ਨਾ ਡਰ ਅਜੇ ਮੈਂ ਲਾਸ਼ ਨਹੀਂ, ਕੀ ਹੋਇਆ ਦਮ ਜੇ ਰੁੱਕਦਾ ਏ
ਕਰ ਸਕਦਾ ਸਯਦਾ ਉੱਠ ਕੇ ਨਹੀਂ, ਸਿਰ ਪਲਕਾ ਦਾ ਤਾਂ ਝੁੱਕਦਾ ਏ
ਮੈਂ ਆਪਣਾ ਫ਼ਰਜ ਨਿਭਾ ਰਿਹਾ, ਤੂੰ ਭੁੱਲ ਗਿਆ ਏ ਵਾਹ ਜੀ ਵਾਹ।
ਮੈਂ ਤੇਰਾ ਹੀ ਮਰੀਜ਼ ਹਾਂ ...............

ਨਦੀਦੇ ਸਾਡੇ ਨੈਣਾਂ ਨੂੰ, ਦੇ ਦੀਦ ਦਾ ਚਮਚਾ ਭਰ ਕੇ ਤੂੰ।
ਨਾ ਖਾਵੇ ਖੌਫ਼ ਇਕੱਲੇ ਨੂੰ ਪਾਈ ਰੱਖ ਰੂਪ ਦੀ ਕਰਕੇ ਤੂੰ।
ਮੇਰੀ ਜੀਭ ਪਈ ਚੰਚਲਦੀ ਏ, ਜਾਹ ਵੇ ਸੱਜਣਾ ਜਲਦੀ ਜਾਹ।
ਮੈਂ ਤੇਰਾ ਹੀ ਮਰੀਜ਼ ਹਾਂ .............

ਜਿਸ ਤਨ ਲੱਗੇ ਉਹੀ ਜਾਣੇ, ਕੌਣ ਜਾਣੇ ਪੀੜ ਪਰਾਈ ਏ
ਇਹ ਮਰਜ਼ ਬੜੀ ਅਵੱਲੀ ਏ, ਇਸ ਦੀ ਵਸਲ ਦਵਾਈ ਏ।
ਗੋਤੇ ਨਬਜ਼ ਪਈ ਖਾਂਦੀ ਏ, ਲਗਾ ਲੈ ਲੱਗਦੀ ਜੇ ਕੋਈ ਵਾਹ।
ਮੈਂ ਤੇਰਾ ਹੀ ਮਰੀਜ਼ ਹਾਂ ...............

ਨਾ ਤੋੜ ਕੇ ਸਿੱਟ ਨਿਤਾਣੇ ਨੂੰ ਖੜ ਹੁੰਦਾ ਨਹੀਂ ਇਕੱਲੇ ਤੋਂ
ਦਿਲਬਰ ਜਾਨੀ ਹੁਣ ਜਾਣ ਵੀ ਦੇਹ ਹੋ ਗਈ ਗੁਸਤਾਖੀ ਝੱਲੇ ਤੋਂ।
"ਕਾਹਲ" ਵਰਜਦਾ ਸੋ ਵਾਰੀ, ਪਰ ਸਾਹ ਦਾ ਵੀ ਤਾਂ ਨਹੀਂ ਵਿਸਾਹ।
ਮੈਂ ਤੇਰਾ ਹੀ ਮਰੀਜ਼ ਹਾਂ, ਓ ਮੇਰੇ ਦਿਲ ਦੇ ਸ਼ਹਿਨਸ਼ਾਹ।

✡✡

# ਮੁੱਕ ਗਿਆ ਤੇਲ ਅੱਜ ਸਾਹਾਂ ਦਾ

ਮੁੱਕ ਗਿਆ ਤੇਲ ਅੱਜ,
ਸਾਹਾਂ ਦਾ ਸਰੀਰ ਵਿੱਚੋਂ,
ਸੜ ਚੱਲੀ ਜੀਵਨ ਦੀ ਵੱਟ ਵੇ।
ਪਰ ਸਾਡੀ ਰੂਹ ਨੂੰ ਤਾਂ–
ਅਜੇ ਵੀ ਨਾ ਚੈਨ ਆਇਆ,
ਦੁੱਖਦੇ ਨੇ ਤੇਰੇ ਲਾਏ ਫੱਟ ਵੇ।

(ਆਥਣ ਦਾ ਰੰਗ ਸੂਹਾ–
ਰਾਤ ਨੇ ਲਕੋ ਲਿਆ,
ਬੁੱਝ ਗਈ ਰੂਪ ਵਾਲੀ ਭੱਠੀ ਵੇ।
ਧੱਸ ਗਈਆਂ ਅੰਦਰ ਨੂੰ–
ਮ੍ਰਿਗ ਨੈਣੀ ਅੱਖੀਆਂ,
ਦੀਦਿਆਂ ਦੀ ਲੋਅ ਹੋ ਗਈ ਮੱਠੀ ਵੇ। )
ਅੱਜ ਕਿਸੇ ਦੂਰ ਦੀਵੇ ਵਾਂਗ ਪਈ ਟਿਮਕਦੀ,
ਜੋਤ ਜਿਹੜੀ ਜਗਦੀ ਸੀ ਲੱਟ ਵੇ।
ਪਰ ਸਾਡੀ ਰੂਹ ਨੂੰ ਤਾਂ ਅਜੇ ਵੀ ਨਾ ਚੈਨ ਆਇਆ
ਦੁੱਖਦੇ ਨੇ ਤੇਰੇ ....................

ਮਰ ਜਾਂਦੇ ਅਸੀਂ ਤਾਂ
ਕਲੀਆਂ ਦੇ ਮਾਰਿਆਂ,
ਰਿਹਾ ਤੂੰ ਹਥੋੜਿਆਂ ਨੂੰ ਟੋਲਦਾ।
ਮੇਲ ਅੱਖਾਂ ਤੈਨੂੰ ਅੱਜ–
ਪੈ ਗਈਆਂ ਦੰਦਲਾਂ,
ਕੁੰਦ ਹੋਈ ਜੀਭ ਕਿਓ ਨਹੀਂ ਖੋਲਦਾ।
ਵਿਛੋੜਿਆਂ ਦੇ ਫੜ ਕੇ–
ਵਿਦਾਨ ਖੋਰ੍ਹੇ ਹੱਥਾਂ ਵਿੱਚ
ਚੁੱਕ ਅੱਡੀ ਮਾਰੀ ਤੂੰ ਸੱਟ ਵੇ
ਪਰ ਸਾਡੀ ਰੂਹ ਨੂੰ ਤਾਂ
ਅਜੇ ਵੀ ਨਾ ਚੈਨ ਆਇਆ।

ਹਉਮੇ ਵਿੱਚ ਹੋਇਆ ਅੰਨ੍ਹਾ–
ਖਿੱਲੀ ਉਦੋਂ ਰਿਹਾ ਪਾਉਂਦਾ,
ਖੁਸ਼ੀਆਂ ਦੀ ਖੇਤੀ ਨੂੰ ਉਜਾੜ ਕੇ।
ਕਿਥੋਂ ਤੈਨੂੰ ਮਿਲਣ ਵੇ–
ਭਿੰਨੀਆਂ ਸੁਗੰਧੀਆਂ,
ਚੇਤ ਵਿੱਚ ਗੁਲਸ਼ਨ ਸਾੜ ਕੇ।
ਬੇਗਾਨਿਆਂ ਦੇ ਉੱਤੇ ਸਾਨੂੰ,
ਰੋਸ ਨਹੀਂ ਰਤੀ ਭਰ,
ਆਪਣਿਆਂ ਕੀਤੀ ਨਹੀਂ ਘੱਟ ਵੇ
ਪਰ ਸਾਡੀ ਰੂਹ ਨੂੰ ਤਾਂ .............

ਸੋਹਣਿਆਂ ਵੇ ਦੇ ਬੋਲੀ,
ਕੌਲ ਇਕਰਾਰਾਂ ਦੀ
ਕੀਤਾ ਅਸੀ ਵਣਜ ਪਿਆਰ ਵੇ।
ਲੂੰ ਲੂੰ ਸੱਜਣਾ ਵੇ
ਪਿਆ ਸਾਡਾ ਤੇਰੇ ਗਹਿਣੇ
ਅਸੀਂ ਗਏ ਹਾਂ ਤਨ ਮਨ ਹਾਰ ਵੇ
ਲੱਪ ਕੂੰ ਬਚੇ ਦਾਣੇ
ਹੰਝੂਆਂ ਦੇ "ਕਾਹਲ" ਬਾਕੀ
ਵੇਚ ਦਿੱਤੇ ਉਹ ਵੀ ਤੇਰੇ ਹੱਟ ਵੇ।
ਪਰ ਸਾਡੀ ਰੂਹ ਨੂੰ ਤਾਂ ਅਜੇ ਵੀ
ਨਾ ਚੈਨ ਆਇਆ ਦੁੱਖਦੇ ਨੇ ਤੇਰੇ ਲਾਏ ਫੱਟ ਵੇ।

✡✡

## ਗ਼ਮ ਨੀ ਪ੍ਰਾਹੁਣਾ ਆ ਗਿਆ

ਰਾੜ੍ਹ ਰੋਟੀਆਂ ਦੋ ਪੀੜਾਂ ਦੀਆਂ ਮਾਏ,
ਗ਼ਮ ਨੀ ਪ੍ਰਾਹੁਣਾ ਆ ਗਿਆ,
ਇਹਨੂੰ ਆਖ ਸੂੰ ਨਾ ਰੁੱਖੇ ਪੁੱਖੇ ਖਾਏ,
ਸਲੂਣਾ ਸਧਰਾਂ ਬਣਾ ਲਿਆ।
ਰਾੜ੍ਹ ਰੋਟੀਆਂ ਦੋ ਪੀੜਾਂ .............

ਕਰੋ ਨਾ ਮਖੌਲ ਬਹੁਤੇ, ਕਿਤੇ ਸੰਗਾ ਜਾਵੇ ਨਾ।
ਰੋਕ ਰੱਖੋ ਅਜੇ ਸਈਓਂ, ਐਵੇਂ ਲੰਘ ਆਵੇ ਨਾ
ਚੋਵਾਂ ਤੇਲ ਬੂਹੇ, ਹੰਝੂਆਂ ਦਾ ਹਾਏ।
ਗ਼ਮ ਨੀ ਪ੍ਰਹੁਣਾ ਆ ਗਿਆ ............

ਝਿੰਮੀ, ਦਿਓ ਸਿਰ ਮੇਰੇ, ਸ਼ਗਨਾਂ ਦੀ ਸੂਹੀ ਨੀ,
ਫੁੱਲਾਂ ਦੀਆਂ ਪੱਤੀਆਂ 'ਚੋਂ, ਚੁੱਭਦੀ ਏ ਸੂਈ ਨੀ।
ਕਾਸਦ ਸੱਜਣਾ ਦੇ, ਭੇਜੇ ਹੋਏ ਆਏ।
ਗ਼ਮ ਨੀ ਪ੍ਰਹੁਣਾ ਆ ਗਿਆ ............

(ਸੁੱਖ ਸਾਂਦ ਸੋਹਣਿਆਂ ਦੀ, ਪੁੱਛਾਂ ਹੋ ਕੇ ਪਾਸੇ ਨੀ।
ਕੀ ਪਤਾ ਰੋਂਦਿਆਂ ਨੂੰ, ਮਿਲ ਜਾਣ ਹਾਸੇ ਨੀ।
ਖੌਰੇ ਵਸਲ ਵੀ, ਇਹਦੇ ਪਿੱਛੇ ਆਏ। )
ਗ਼ਮ ਨੀ ਪ੍ਰਹੁਣਾ ਆ ਗਿਆ ..........

ਤਾਂਅ ਤਨਹਾਈਆਂ ਵਾਲੇ, ਲੋਕੋ ਬੜੇ ਤੱਤੇ ਜੇ।
ਚਾਅ ਤੇ ਉਮਾਹ ਸਾਰੇ, ਅਸਾਂ ਫੂਕ ਘੱਤੇ ਜੇ।
ਮੁਕਾਣ ਖੁਸ਼ੀਆਂ ਦੀ "ਕਾਹਲ" ਇਹ ਆਏ।
ਗ਼ਮ ਨੀ ਪ੍ਰਹੁਣਾ ਆ ਗਿਆ,
ਰਾੜ੍ਹ ਰੋਟੀਆਂ ਦੋ ਪੀੜਾਂ ਦੀਆਂ ਮਾਏ।

✡✡

## ਖਿੰਡ ਗਈਆਂ ਸੰਦਲੀ ਲਟੂਰੀਆਂ

ਖਿੰਡ ਗਈਆਂ ਮਾਏ–
ਮੇਰੀਆਂ ਸੰਦਲੀ ਲਟੂਰੀਆਂ,
ਪੀੜ ਹੋਣ ਰੁੱਖੇ ਰੁੱਖੇ ਵਾਲ।
ਗੀਤਾਂ ਦਿਆਂ ਨੈਣਾਂ ਵਿੱਚ–
ਰੜਕੇ ਵਿਛੋੜਾ ਮਾਂ,
ਕੋਰੜੂ ਜਿਓ ਹੋਏ ਵਿੱਚ ਦਾਲ।
ਪੁੰਨਿਆ ਨੂੰ ਫੜ ਲਿਆ–
ਲੜ ਅਸਾਂ ਚਾਂਦਨੀ ਦਾ,
ਸੋਚਿਆ ਸੀ ਸੰਗ ਸਦਾ ਰਹੇਗੀ।
ਪਰ ਕੀ ਪਤਾ ਸੀ ਸਾਨੂੰ–
ਲੇਖਾਂ ਸਾਡੇ ਤੱਤਿਆਂ 'ਤੇ,
ਰਾਤ ਵੀ ਮੱਸਿਆ ਦੀ ਪਏਗੀ
ਡਿੱਗ ਪਈਆਂ ਡੱਲ੍ਹ ਵਿੱਚ–
ਸਧਰਾਂ ਨਿਤਾਣੀਆਂ,
ਖੁਸ਼ੀਆਂ ਦੇ ਪਿੱਛੇ ਮਾਰੀ ਛਾਲ।
ਗੀਤਾਂ ਦਿਆਂ ਨੈਣਾਂ .............

ਚੜ੍ਹਦੀ ਜਵਾਨੀ ਵਿੱਚ–
ਪਰ ਸੀ ਪਰਿੰਦਿਆਂ ਦੇ,
ਲੱਗੇ ਹੋਏ ਸਾਡੇ ਵੀ ਸਰੀਰ ਨੂੰ।
ਭਰੀ ਸੀ ਉਡਾਰੀ ਅਸਾਂ–
ਤਾਂਘ ਰੱਖ ਤਾਰਿਆਂ ਦੀ,
ਥੱਲ ਵਿੱਚ ਡਿੱਗੇ ਆ ਅਖੀਰ ਨੂੰ।
ਪੈਰ ਪੈਰ ਉੱਤੇ ਸਦਾ,
ਬਦਲੇ ਇਹ ਪੈਂਤਰਾ,
ਸਮੇਂ ਦੀ ਅਨੋਖੀ ਬੜੀ ਚਾਲ।
ਗੀਤਾਂ ਦਿਆਂ ਨੈਣਾਂ.............
ਦਾਗ ਗੋਲੀ ਮਾਰਿਆ–
ਮ੍ਰਿਗ ਹੈ ਸ਼ਿਕਾਰੀ ਨੇ,

ਕਿਹੜਾ ਉਏ ਵਰਾਉ ਇਹਦੇ ਧੱਕ ਨੂੰ
ਗ਼ਮਾਂ ਵਾਲਾ ਸੱਪ ਸਾਨੂੰ-
ਭਰੀ ਖੜਾ ਦੰਦੀ ਮਾਂ,
ਕਿਹੜਾ ਉਏ ਛੁਡਾਓ ਇਹਦੇ ਚੱਕ ਨੂੰ
ਚੰਦਰਾ ਜਹਾਨ ਲਾਵੇ-
ਵਿਸ਼ੇਸ਼ਣ ਮਾਂ ਮਿਟਰਾਂ ਦਾ,
ਰੁੱਲ ਜਾਣੇ ਨਿੱਕੇ ਨਿੱਕੇ ਬਾਲ।
ਗੀਤਾਂ ਦਿਆਂ ਨੈਣਾਂ ...............

ਚਾਂਦਨੀ ਦੇ ਸੋਮੇ ਨੂੰ-
ਘਟਾਵਾਂ ਨੇ ਸਮੇਟ ਲਿਆ,
ਛਮ ਛਮ ਰੋਵਦੀਂ ਚਕੌਂਗੀ ਵੇ।
ਨਿੱਕੇ ਨਿੱਕੇ ਵੈਣ ਕਰ -
ਪਾਂਵਦੀ ਉਹ ਕੀਰਨੇ ਪਈ,
ਉੱਘੜੇ ਨਾ ਅੱਖ ਓ ਬਲੋਰੀ ਵੇ।
ਸਾਰੀ ਰੈਣ ਭੰਨੀ ਉਸ-
ਗੜਿਆਂ ਦੀ ਸੀਤ ਵਿੱਚ,
ਹੋਏ ਉਹਦੇ ਮੰਦੜੇ ਨੀ ਹਾਲ,
ਗੀਤਾਂ ਦਿਆਂ ਨੈਣਾਂ ...............

ਕਾਮੀ ਸ਼ੈਤਾਨ ਵਾਂਗੂ-
ਖਿੜ ਖਿੜ ਹੱਸੇ ਕੋਰਾ,
ਆਸਾਂ ਦੀਆਂ ਡੋਡੀਆਂ ਨੂੰ ਝਾੜ ਕੇ
ਪੋਹ ਦੀ ਸਵੇਰ ਵਿੱਚ-
ਧੁੰਦ ਛਾਈ ਚਾਰੇ ਪਾਸੇ,
ਵੇਖਦੇ ਰਹੇ ਅਸੀਂ ਦੀਦੇ ਪਾੜ ਕੇ।
ਗੰਢਾਂ ਅਸੀਂ ਪਾਈਆਂ ਨੇ
ਬਥੇਰੀਆਂ ਉਏ ਪੀਡੀਆਂ
ਕੰਨੀ ਖਿਸਕਾਈ ਸਾਥੋਂ "ਕਾਹਲ"
ਖਿੰਡ ਗਈਆਂ ਮਾਏ ਮੇਰੀਆਂ
ਸੰਦਲੀ ਲਟੂਰੀਆਂ ਤੇ ਪੀੜ ਹੋਣ ਰੁਖੇ ਰੁਖੇ ਵਾਲੀ

✡✡

# ਜਿਵੇਂ ਸਾਡੇ ਨਾਲ ਹੋਈ ਕਿਸੇ ਨਾਲ ਨਾ ਹੋਇ

ਜਿਵੇਂ ਸਾਡੇ ਨਾਲ ਹੋਈ, ਕਿਸੇ ਨਾਲ ਨਾ ਓ ਹੋਇ।
ਸ਼ਿੰਗਾਰ ਉਦਾਸੀਆਂ ਓ ਅਸੀਂ, ਰਾਹ ਉਸਦੇ 'ਚ ਖੜ੍ਹੇ।
ਉਹ ਚਾਵਾਂ ਸੰਗ ਰੋਇ, ਅਸੀਂ ਗ਼ਮਾਂ ਸੰਗ ਰੋਇ
ਜਿਵੇਂ ਸਾਡੇ ਨਾਲ ਹੋਈ, ਕਿਸੇ ਨਾਲ ਨਾ ਹੋਇ।

ਇੰਜ ਖਰਵੇਂ ਖਰਵੇਂ ਹਥੀਂ,
ਖਰੋਚੋਂ ਦਿਲ ਨੂੰ ਨਾ ਯਾਰੋ,
ਨੱਸ਼ਤਰ ਲੈਕੇ ਓ ਤਿੱਖੇ ਚੋਭਾਂ ਡੂੰਘੀਆਂ ਨਾ ਮਾਰੋ
ਨਰਮ ਕੂਲੇ ਕੂਲੇ ਸੱਜਣ, ਕਿਤੋਂ ਚੋਭਾਂ ਨਾ ਓ ਵੱਜਣ,
ਅਸੀਂ ਸੋਹਣਿਆਂ ਨੂੰ ਬੈਠੇ, ਦਿਲ ਅਪਣੇ ਸਮੋਏ
ਜਿਵੇਂ ਸਾਡੇ ਨਾਲ ਹੋਈ ਕਿਸੇ ਨਾਲ ...........

ਅਸੀਂ ਸਮੇਂ ਮੂਹਰੇ ਰੱਖਿਆ ਇੱਕ ਅਪਣਾ ਸੁਆਲ,
ਦੇ ਕੇ ਜੁਆਬ ਅਨੋਖਾ, ਉਹਨੇ ਕੀਤੀ ਏ ਕਮਾਲ।
ਹੰਝੂ ਹਾਸਿਆਂ 'ਚ ਜੋੜ, ਦੁੱਖ ਖੁਸ਼ੀ ਨਾਲੋਂ ਤੋੜ।
ਉੱਤਰ ਵਿੱਚ ਮੇਰੇ ਲਈ, ਹਾਰ ਪੀੜਾਂ ਦੇ ਪਰੋਏ।
ਜਿਵੇਂ ਸਾਡੇ ਨਾਲ ਹੋਈ, ਕਿਸੇ ਨਾਲ ...........

ਸਾਥੋਂ ਵਾਚਿਆ ਨਾ ਜਾਵੇ, ਲਿਖਿਆ ਕੀ ਕੀ ਸਾਡੇ ਲੇਖੀ
ਸੁਗੰਧੀ ਮਹਿਕ ਸੁਹੱਪਣ, ਦੂਰੋਂ ਕਲ੍ਹੀਆਂ ਦੀ ਦੇਖੀ
ਲੋਕੀਂ ਪੁੱਛਦੇ ਕੌਣ ਮੋਇਆ, ਕਤਲ ਸਧਰਾਂ ਦਾ ਹੋਇਆ
ਸਾਡੇ ਨੈਣ ਰੱਤ ਰੋਂਦੇ, ਸੁਰਖ ਸੂਰਜੇ ਦੀ ਲੋਇ
ਜਿਵੇਂ ਸਾਡੇ ਨਾਲ ਹੋਈ ਕਿਸੇ ਨਾਲ ..........

ਰੰਗਲੀ ਡੋਲੀ ਰੰਗਲਾ ਚੂੜਾ, ਰੰਗਲੇ ਹੱਥੀਂ ਛਾਪਾਂ ਛੱਲੇ,
ਮੈਨੂੰ ਤੁਰਦੀ ਫਿਰਦੀ ਲਾਸ਼ ਬਣਾ ਕੇ ਸੋਹਣੇ ਚੱਲੇ
ਸਿੜ੍ਹੀ "ਕਾਹਲ" ਦੀ ਬਣਾਓ, ਕਫਨ ਜਿਊਂਦੇ 'ਤੇ ਪਾਓ
ਸੁਣ ਆਪਣੇ ਕੰਨੀ ਵੈਣ ਅਸੀਂ ਜਿਊਂਦੇ ਹੀ ਮੋਏ
ਜਿਵੇਂ ਸਾਡੇ ਨਾਲ ਹੋਈ ਕਿਸੇ ਨਾਲ ਨਾ ਹੋਏ।

✡✡

## ਦਿਲਾ ਵੇ ਉੱਠ ਤੁਰ ਚੱਲੀਏ

ਦਿਲਾ ਵੇ ਉੱਠ ਤੁਰ ਚੱਲੀਏ,
ਚੱਲ ਚੱਲੀਏ ਸੱਜਣ ਹਨ ਜਿਥੇ,
ਹਾੜਾ ਵੇ ਹੁਣ ਨਹੀਓਂ ਲਗਦਾ,
ਨਹੀਓਂ ਲਗਦਾ ਦਿਲ ਜੇ ਇੱਥੇ।
ਨਿੱਤ ਆਥਣ ਨੂੰ ਤਪਦੀ ਭੱਠੀ,
ਭੁੰਨਦੀ ਹੌਕੇ ਹਾਵਾਂ।
ਪੀੜ ਪਰਾਗੇ ਭਰ ਭਰ ਸੁੱਟਾਂ,
ਮਾਰ ਫੱਕੇ ਗ਼ਮ ਖਾਵਾਂ।
ਸਬਰ ਦਾੜ੍ਹਾਂ ਦੇ ਮੁੱਢ ਹੋਏ ਪੋਲੇ,
ਫਿਕਰ ਰੋੜ ਕੌਣ ਚਿੱਥੇ।
ਦਿਲਾ ਵੇ ਉੱਠ ............

ਪੌਣਾਂ ਦੀ ਪਗਡੰਡੀ ਤੁਰੀਆਂ,
ਯਾਦਾਂ ਰਾਹ ਨਵੇਲੇ।
ਕਾਫਲੇ ਚਾਅ ਤੋਂ ਵਿੱਛੜ ਗਈਆਂ
ਆਥਣ ਜਿਹੇ ਕੁਵੇਲੇ।
ਇੱਕ ਮੁੱਠ ਬਚੀ ਸਾਹਾਂ ਦੀ ਪੂੰਜੀ
ਲੋਟੂ ਸਮੇਂ ਦੇ ਡਿੱਠੇ।
ਦਿਲਾਂ ਵੇ ਉੱਠ ................

ਹਾਸੇ ਫੁੱਲੇਂ ਰੋਲ ਲਏ ਲੋਕਾਂ,
ਸਾਡੇ ਹਿੱਸੇ ਦੁੱਖ ਮਾਈਆ,
ਚੱਬ ਲਏ ਮਨਾਂ ਤੂੰ ਦੜ ਵੱਟ ਕੇ ਇਹ,
ਮਾਈਆ ਢਿੱਡ ਭਰਾਈਆ।
ਮੋਮਬੱਤੀ ਵਾਂਗ ਰੋਂਦੀਆਂ ਅੱਖੀਆਂ,
ਕੇਰਨ ਪਲਕਾਂ ਸਿੱਥੇ।
ਦਿਲਾ ਵੇ ਉੱਠ .............

ਸਾਹਿਆ ਲਿਖਿਆ ਮੇਰਾ ਸਈਓਂ,
ਸਭੇ ਗਾਓ ਸੁਹਾਗ।
ਖੋਲ੍ਹ ਮੈਡੀਆਂ ਮਲੋ ਨੀ ਵਟਨਾ,
ਜਾਗਣ ਸੁੱਤੜੇ ਭਾਗ।
ਜਿੰਦ ਵਹੁਟੀ ਵਰ ਮੌਤ ਵਿਆਹੂ,
ਵਿਆਹ ਦੇ ਦਿਨ ਨੇ ਮਿੱਥੇ।
ਦਿਲਾ ਵੇ ਉੱਠ ਤੁਰ .............

ਦੱਸੋ ਸ਼ਹਿਰ ਵਤਨ ਪਿੰਡ ਮੈਨੂੰ,
ਜਿਥੇ ਰੂਹਾਂ ਲਾਉਂਦੀਆਂ ਮੇਲੇ।
ਯਾਰਾਂ ਨਾਲ ਬਹਾਰਾਂ ਸੋਹਣ,
ਬਿੰਨ ਬੇਲੀਆਂ ਖਾਂਦੇ ਖੇਲੇ।
ਉੱਡਦੇ ਸੁਪਨੇ ਹਨੇਰ ਤੇ ਤਾਰੇ,
"ਕਾਹਲ" ਪ੍ਭਾਤੇ ਡਿਠੈ।
ਦਿਲਾ ਵੇ ਉੱਠ ਤੁਰੇ ਚੱਲੀਏ।
ਚੱਲ ਚੱਲੀਏ ਸੱਜਣ ਹਨ ਜਿੱਥੇ।

✡✡

# ਅਸਾਂ ਜਾਗ ਜਾਗ ਕੱਟੀ ਏ ਤਾਰਿਆਂ ਦੇ ਨਾਲ

ਉਹ ਹੋਰ ਸੀ ਬਿਤਾ ਗਏ ਜੋ, ਹੁਲਾਰਿਆਂ ਦੇ ਨਾਲ,
ਘੜੀ ਪਲ ਸਾਡੇ ਹੱਡਾਂ ਤਾਈਂ ਚੈਨ ਨਾ ਆਇਆ,
ਅਸਾਂ ਜਾਗ ਜਾਗ ਕੱਟੀ ਏ ਤਾਰਿਆਂ ਦੇ ਨਾਲ।
ਕਿੰਕਣ ਕਰਾਂ ਲੇਖਾ ਜੋਖਾ, ਕਿੰਨੀ ਬੀਤੀ ਕਿੰਨੀ ਰਹਿੰਦੀ,
ਦਿਨ ਪਿੱਛੋਂ ਨਿੱਤ ਜ਼ਿੰਦਗੀ ਏ, ਰਾਤ ਕੱਟ ਲੈਂਦੀ
ਬਾਕੀ ਰਹਿੰਦੀ ਬੀਤ ਜਾਣੀ, ਗ਼ਮਾਂ ਖਾਰਿਆਂ ਦੇ ਨਾਲ।
ਅਸਾਂ ਜਾਗ ਜਾਗ ਕੱਟੀ ਏ .............

ਸਾਡੇ ਹਾਸਿਆਂ ਦੇ ਨਾਲ, ਵਾਅਦੇ ਕੀਤੇ ਵਾਰ ਵਾਰ,
ਚਾਅ ਪਾਉਂਦੇ ਰਹਿਣ ਲੁੱਡੀ, ਸਦਾ ਦਿੰਦੇ ਨੇ ਵਿਸਾਰ,
ਅਸਾਂ ਪੀੜਾਂ ਨੂੰ ਵਰਾਇਆ, ਝੂਠੇ ਲਾਰਿਆਂ ਦੇ ਨਾਲ।
ਉਹ ਹੋਰ ਸੀ ਬਿਤਾ ਗਏ .................

ਅੱਜ ਪ੍ਰੀਤ ਦੇ ਵਿਹੜੇ, ਭੀੜ ਹਿਜਰਾਂ ਦੀ ਮੱਚੀ,
ਬੰਨ ਤਾਂਘ ਓ ਘੁੰਗਰੂ, ਵੇਦਨਾ ਅੱਡੀ ਮਾਰ ਨੱਚੀ,
ਖੁਸ਼ੀਆਂ ਲੰਘ ਗਈਆਂ ਕੋਲੋਂ ਹੀ, ਇਸ਼ਾਰਿਆਂ ਦੇ ਨਾਲ।
ਅਸਾਂ ਜਾਗ ਜਾਗ ਕੱਟੀ ਏ .............

ਲੈ ਆਸ ਦੀ ਬੇੜੀ, ਪੂਰ ਹੌਕਿਆਂ ਦਾ ਭਰਿਆ,
ਠਾਠ ਸੋਚਾਂ ਦੀ ਉੱਠੇ, ਸ਼ੌਕ ਕਪਰਾਂ ਤੋਂ ਡਰਿਆ,
ਸਧਰਾਂ ਖਾ ਗਈਆਂ ਗੋਤੇ, ਆ ਕਿਨਾਰਿਆਂ ਦੇ ਨਾਲ।
ਅਸਾਂ ਜਾਗ ਜਾਗ ਕੱਟੀ ਏ ...........

ਅਸੀਂ ਤਕਦੇ ਰਹੇ, ਮਿੱਤਰਾਂ ਦੇ ਪਿੰਡ ਦਾ ਓ ਰਾਹ,
ਕਿਸੇ ਹੋਰ ਨਾਲ ਤੁਰੇ ਜਾਂਦੇ, ਫੱਬਦੇ ਨੇ ਵਾਹ,
"ਕਾਹਲ" ਵੰਡੇ ਕੌਣ ਦਰਦ, ਦਰਦਾਂ ਮਾਰਿਆਂ ਦੇ ਨਾਲ।
ਉਹ ਹੋਰ ਸੀ ਬਿਤਾ ਗਏ ਜੋ ਹੁਲਾਰਿਆਂ ਦੇ ਨਾਲ।

✡✡

## ਢੋਲਾ ਤੇਰੇ ਕੋਸੇ ਹੌਕਿਆਂ ਨੇ

ਢੋਲਾ ਤੇਰੇ ਕੋਸੇ ਹੌਕਿਆਂ ਨੇ,
ਸਾਡਾ ਜਿਗਰ ਮਚਾਇਆ।
ਚਰ ਗਿਆ ਸਾਡਾ ਚੈਨ,
ਵੱਗ ਯਾਦਾਂ ਦਾ ਆਇਆ।

ਲੱਗੇ ਰੋਗ ਅਵੱਲੇ ਵੇ, ਮੈਂ ਦੱਸਾਂ ਕਿਹੜਾ ਕਿਹੜਾ।
ਤੇਰਾ ਗ਼ਮ ਵੇ ਪਲੇਠਾ, ਸਾਡਾ ਛੱਡਦਾ ਨਾ ਖਹਿੜਾ।
ਅਸਾਂ ਦਿਲ ਵਹਿੜੇ ਚੁੱਕ ਚੁੱਕ, ਕੁੱਛੜ ਖੇਡਾਇਆ।
ਨੀ ਉਹ ਯੁੱਗਾਂ ਤੋਂ ਪਿਆਸਾ ਖੌਰੇ ਕਿਹੜੇ ਸੱਤ ਜੀਵੇ।
ਭਰੇ ਪਲਕਾਂ ਦੇ ਕੌਰ, ਬੂੰਦ ਇੱਕ ਵੀ ਨਾ ਪੀਵੇ।
ਮੈਨੂੰ ਜਾਪੇ ਮਾਸਾਹਾਰੀ, ਸਾਡੇ ਖ਼ੂਨ ਦਾ ਤਿਹਾਇਆ।
ਸਾਡੀ ਸੋਹਲ ਜਿੰਦ ਤਾਈਂ, ਪਏ ਮਾਮਲੇ ਭਾਰੇ।
ਚੋਭੇ ਪੀੜਾਂ ਦੀਆਂ ਸੂਲਾਂ ਜਾਈਏ ਫਿਰ ਵੀ ਓ ਵਾਰੇ।
ਨੀ ਉਹ ਮੱਸਿਆ ਦਾ ਨਿੰਮਿਆ ਤੇ ਚਾਂਦਨੀ ਦਾ ਜਾਇਆ।
ਘੜੀ ਚੰਦਰੀ ਤੇ ਚੰਦਰੇ ਸੀ, ਉਹ ਤਿੱਥ ਵਾਰ।
ਸਾਡੇ ਨੈਣ ਜਦ ਦੋ ਤੋਂ ਓ ਹੋ ਗਏ ਸੀ ਚਾਰ।
ਅਸੀਂ ਸੂਹੇ ਸੂਹੇ ਹੱਥੀਂ, ਫਾਹਿਆ ਆਪੇ ਗੱਲ ਪਾਇਆ।
"ਕਾਹਲ" ਪ੍ਰੀਤ ਦੀ ਛਾਵੇਂ ਰਲ ਬਹਿ ਗਏ ਝੱਟ ਬਿੰਦ।
ਵਜੇ ਬਿਰਹੋ ਦੇ ਖਾਰ, ਮੁੱਕੀ ਸੋਹਲ ਜੇਹੀ ਜਿੰਦ।
ਅਸੀਂ ਘੁੱਟ ਕੇ ਕਲਾਵੇਂ, ਤੇਰਾ ਖ਼ੁਆਬ ਗੱਲ ਲਾਇਆ
ਢੋਲਾ ਤੇਰੇ ਕੋਸੇ ਹੌਕਿਆਂ ਨੇ ..................।

✡✡

## ਮੇਰੇ ਸਬਰ ਨੂੰ ਨਾ ਰੋੜੇ

ਮੇਰੇ ਸਬਰ ਨੂੰ ਨਾ ਰੋੜੇ ਤੇਰੇ ਗ਼ਮਾਂ ਦੀ ਓ ਛੱਲ।
ਅਸੀਂ ਹੰਝੂਆਂ 'ਚ ਸਿਖ ਲਿਆ ਤੈਰਨ ਦਾ ਵੱਲ।
ਕਿੰਕਣ ਕਰਾਂ ਲੇਖਾ ਜੋਖਾ, ਕਿੰਜ ਬੀਤਦੀ ਏ ਮੇਰੀ।
ਨਾਸ਼ਵਾਨ ਹੈ ਦੇਹੀ, ਇਹ ਤਾਂ ਮਿੱਟੀ ਦੀ ਹੈ ਢੇਰੀ।
ਪੀੜਾਂ ਨਾਲ ਖੇਡ ਖੇਡ, ਬੀਤ ਜਾਣੇ ਸਾਡੇ ਪਲ।
ਅਸੀਂ ਹੰਝੂਆਂ 'ਚ ਸਿੱਖ ਲਿਆ ...........

ਹੁੰਦਾ ਮੈਂ ਹੀ ਡੁੱਬਣ ਮੇਹਿਣਾ, ਗੱਲ ਸੁਣ ਲਏ ਓ ਮੀਤ।
ਖਿੱਚ ਡੂੰਘੇ ਵਹਿਣੀ ਲੈ ਗਈ, ਤੇਰੀ ਚੰਦਰੀ ਪ੍ਰੀਤ।
ਚੱਲਣ ਬਿਰਹੋ ਦੇ ਝੱਖੜ, ਕਾਘਾਂ ਕਰਨ ਕੱਲ੍ਹ ਕੱਲ੍ਹ।
ਅਸੀਂ ਹੰਝੂਆਂ 'ਚ ਸਿੱਖ ਲਿਆ ..............

ਸਮਾਂ ਬੜਾ ਬਲਵਾਨ, ਨਾ ਸਮੇਂ ਨੂੰ ਤੂੰ ਭੁੱਲੀ।
ਇੱਕ ਦਿਨ ਤੇਰੇ ਹੁਸਨ ਨੂੰ, ਲੱਗ ਜਾਣੀ ਉੱਲੀ।
ਹੋਣੀ ਰੂਪ 'ਤੇ ਆਥਣ, ਜੋਬਨ ਜਾਣਾ ਤੇਰਾ ਢਲ।
ਅਸੀਂ ਹੰਝੂਆਂ 'ਚ ਸਿੱਖ ਲਿਆ ................

ਗਿਆਦੇਹ ਦੇ ਚਮਨ ਤਾਈਂ, ਅੱਗ ਕੋਈ ਲਾਅ।
ਸੜੀਆਂ ਰੀਝਾਂ ਦੀਆਂ ਕਲੀਆਂ, ਝੁਲਸੇ ਸੱਜਰੇ ਓ ਚਾਅ।
ਭਾਹ ਵੇਦਨਾ ਦੀ ਭੜਕੇ, ਸੁੱਕੇ ਹੱਡ ਪੈਣੇ ਬੱਲ।
ਅਸੀਂ ਹੰਝੂਆਂ 'ਚ ਸਿੱਖ ਲਿਆ ...........

ਚੰਗੀ ਕੀਤੀ ਸਾਡੇ ਨਾਲ, ਅਸ਼ਕੇ ਸੱਜਣਾ ਓ ਤੇਰੇ।
ਸਹਿ ਸਹਿ ਦੁੱਖਾਂ ਦੀਆਂ ਸੱਟਾਂ, ਗੂੰਗੇ ਬੋਲੇ ਹੋ ਗਏ ਜ਼ੇਰੇ।
"ਕਾਹਲ" ਕਿਹਨੂੰ ਕੂਕ ਦੱਸੇ, ਕੋਈ ਸੁਣਦਾ ਨਾ ਗੱਲ।
ਅਸੀਂ ਹੰਝੂਆਂ 'ਚ ਸਿੱਖ ਲਿਆ, ਤੈਰਨ ਦਾ ਵੱਲ।

✡✡

## ਸੱਜਣ ਕਹਾਂ ਤਾਂ ਠੰਡ ਪੈਂਦੀ ਸੀਨੇ

ਸੱਜਣ ਕਹਾਂ ਤਾਂ ਠੰਡ ਪੈਂਦੀ ਸੀਨੇ,
ਮੁੱਸੇ ਤਾਂ ਭੜਕਣ ਭਾਹੀਂ।
ਹਰ ਸਵੇਰ ਸੱਜਣ ਨਾਲ ਸੱਜਰੀ,
ਤੇ ਬਾਝ ਸੱਜਣ ਕੁਝ ਨਾਹੀ।
ਸ਼ਾਲਾ ਕਰੇ ਉਹ ਰੋਜ ਨਾ ਆਵੇ।
ਤੇ ਜਦ ਗਲ 'ਚੋਂ ਟੁੱਟਣ ਬਾਹੀਂ।
ਆ ਸੱਜਣ ਗਲ ਲੱਗ ਅਸਾਂ ਦੇ,
ਲਬ੍ਹ ਸੂਹੇ ਭਰਦੇ ਨੇ ਆਹੀਂ।

ਇੱਤਰਾਂ ਦੀ ਦੱਸ ਮਹਿਕ ਵੇ ਅੜਿਆ,
ਕਿੰਕਣ ਸਾਨੂੰ ਮਿਲਦੀ।
ਕਿਸਮਤ ਨੇ ਜਦ ਤੇਲ ਮਿੱਟੀ ਦਾ,
ਸਿਰ ਅਸਾਂ ਦੇ ਜੋਇਆ।
ਕਿੰਕਣ ਲਾਉਂਦੀ ਖੁਸ਼ੀ ਦੀ ਤਾਰੀ,
ਹਰਕੀ ਪੌੜੀ ਜ਼ਿੰਦਗੀ,
ਨੀਰ ਨੈਣਾਂ ਦੇ ਪਹਿਲੀ ਚੁੰਭੀ,
ਸਾਨੂੰ ਜਾ ਡਬੋਇਆ

ਤਨ ਦੀ ਟੁੱਟੀ ਛੱਪਰੀ ਅੰਦਰ,
ਸਬਰ ਸੁੱਕਾ ਕਿੰਜ ਰਹਿੰਦਾ,
ਅੱਖੀਆਂ ਰਾਤੀਂ ਨੀਰ ਚੁਮਾਸਾਂ,
ਛਮ ਛਮ ਸਾਡੇ ਚੋਇਆ।

ਹਾਰ ਸ਼ਿੰਗਾਰ ਕਿੰਕਣ ਜਿੰਦ ਕਰਦੀ,
ਪਾਉਂਦੀ ਕਿੰਜ ਨੌਲੱਖੇ,
ਕਿਸਮਤ ਨੇ ਜਦ ਹਾਰ ਸਾਡੇ ਲਈ,
ਖਾਰਾਂ ਦਾ ਪਰੋਇਆ।

ਮੱਥੇ ਦੀ ਟੁੱਕੜੀ ਪੁੱਠੀ ਹੋਈ, ਸ਼ਗਨ ਅਪੁੱਠੇ ਹੋਏ
ਸਾਡੀ ਸਰਦਲ ਖੂਨੇ ਜਿਗਰ ਦਾ, ਸਾਡਾ ਹੀ ਕਿਸੇ ਚੋਇਆ।
ਕਿੰਜ ਕਰਦੇ ਅਸੀਂ ਦੁੱਖ ਸੁੱਖ ਸਾਂਝਾ, ਬਣਦੇ ਕਿੰਜ ਹਮਰਾਹੀ,
ਵਸਲ ਦੀ ਥਾਵੇਂ "ਕਾਹਲ" ਅਸਾਂ ਨੂੰ, ਭੇਜਿਆ ਬਿਰਹੋ ਢੋਇਆ।

✡✡

## ਸ਼ਿਵ ਦੀ ਬਾਤ

ਗੀਤ ਮੇਰੇ ਗਾ ਰਹੇ ਨੇ ਸ਼ਿਵ ਦੀ ਬਾਤ ਨੂੰ
ਹੋਰ ਲੰਬੀ ਕਰ ਗਏ ਗ਼ਮਾਂ ਦੀ ਰਾਤ ਨੂੰ
ਪਰਾਗੇ ਪੀੜਾਂ ਭੁੰਨਦਿਆਂ ਕੁਵੇਲਾ ਹੋ ਗਿਆ
ਸੇਜ ਤੋਂ ਪਹਿਲਾਂ ਹੀ ਉਹ ਸੱਥਰ 'ਤੇ ਸੌਂ ਗਿਆ
ਵਿਰਲਾਪ ਕਰ ਕਰ ਸੋ ਗਈਆਂ ਹਵਾਵਾਂ ਰਾਤ ਨੂੰ
ਹੋਰ ਲੰਬੀ ਕਰ ....................

ਪਤ ਮਿਰਚਾਂ ਦੇ ਪੀਠ ਮਹਿੰਦੀ ਕਿਸਮਤ ਲਾ ਗਈ
ਦਿਲ ਦੇ ਡੱਕਰੇ ਕਰ ਕਰ ਕੇ ਹੈ ਪੀੜ ਖਾ ਗਈ
ਮਹਿਕਾਂ ਗੁੰਨ ਗੁੰਨ ਭਰ ਗਿਆ ਜਿਹੜਾ ਪਰਾਤ ਨੂੰ
ਹੋਰ ਲੰਮੀ ਕਰ ਗਏ ..................

ਲੋਕ ਗੁਨਗੁਣਾਉਂਣਗੇ ਕੰਡਿਆਲੀ ਥੋਹਰ ਨੂੰ
ਘੁਗਣੀਆਂ ਵੱਤ ਚੱਬ ਗਿਆ ਗਲੀਆਂ ਦੇ ਰੋੜ ਨੂੰ
ਸਰ ਡੂੰਘੇ ਸੁੱਕੇ ਨਾ ਔੜੀ ਨਾ ਚੜ੍ਹੇ ਬਰਸਾਤ ਨੂੰ
ਹੋਰ ਲੰਮੀ ਕਰ ਗਏ ...............

ਜੋਬਨ ਰੁੱਤੇ ਜੋ ਵੀ ਮਰਦਾ ਫੁੱਲ ਤਾਰਾ ਬਣ ਜਾਵੇ
ਯਾਰ ਸ਼ਿਕਰਾ ਖਾਏ ਨਾ ਚੂਰੀ ਮਾਸ ਦਿਲ ਦਾ ਖਾਵੇ
ਰੁਸਾ ਕੇ ਲਾੜਾ ਜਿਸ ਸਾਹਾਂ ਦਾ ਤੋਰਿਆ ਬਰਾਤ ਨੂੰ
ਹੋਰ ਲੰਮੀ ਕਰ ਗਏ ..............

ਪਾਕ ਪਵਿੱਤਰ ਸ਼ਿਵ ਦੀ ਲੂਣਾ "ਕਾਹਲ" ਸਭ ਨੂੰ ਕਹਿ ਰਿਹਾ
ਹੋਠਾਂ ਦੀ ਕਚਨਾਰ ਛਾਵੇਂ ਗ਼ਮ ਸਸਤਾਣ ਬਹਿ ਰਿਹਾ
ਖੈਰ ਮੰਗਣ ਨੰਗੇ ਪੈਰੀਂ ਤੋਰਿਆ ਪ੍ਰਭਾਤ ਨੂੰ
ਗੀਤ ਮੇਰੇ ਗਾ ਰਹੇ ਸ਼ਿਵ ਦੀ ਬਾਤ ਨੂੰ
ਹੋਰ ਲੰਮੀ ਕਰ ਗਏ ਗ਼ਮਾਂ ਦੀ ਰਾਤ ਨੂੰ।

✡✡

## ਚੰਨ ਨੂੰ ਤਾਪ

ਪੂਨਮ ਦੇ ਚੰਨ ਤਾਈਂ,
ਅੱਜ ਤਾਪ ਹੈ ਓ ਹੋਇਆ।
ਰਿਸ਼ਮਾਂ ਨੇ ਰੋ ਰੋ ਦੱਸਿਆ,
ਚਾਨਣ ਨਹੀਂ ਨਰੋਇਆ।
ਘੇਰੇ ਨੇ ਅਗਨੀ ਕੁੰਡ ਦੇ
ਚੁਫੇਰ ਉਸ ਦੇ ਵਾਹੇ
ਬੱਦਲਾਂ ਦੇ ਮੈਲੇ ਲੀੜੇ
ਅੰਬਰ ਨੇ ਦੇਖੋ ਪਾਏ
ਫੜ ਸਾਉਣ ਹੱਥ ਮੁਆਤੇ
ਘਟਾਵਾਂ ਨੂੰ ਮਿਲਿਆ ਢੋਆ
ਅੱਜ ਚਾਂਦਨੀ ਦੇ ਪਿੰਡੇ
ਮੈਨੂੰ ਖਸਰਾ ਹੋਇਆ ਜਾਪੇ
ਅਲਗੋਜੇ ਪੱਕੇ ਰਾਗੀ
ਭਿੰਨੀ ਪੌਣ ਪਈ ਅਲਾਪੇ
ਤਾਰਿਆਂ ਨੇ ਹਾਰ ਸੁੱਚਾ,
ਕੰਜਕਾਂ ਲਈ ਪਰੋਇਆ
ਬੱਦਲਾਂ ਦੇ ਉਹਲੇ ਲੁੱਕ ਛੁੱਪ
ਪਏ ਖੇਡਦੇ ਨੇ ਤਾਰੇ
ਗਰਜਾਂ ਦੀ ਮਾਰ ਸੀਟੀ
ਬਿਜਲੀ ਕਰੇ ਇਸ਼ਾਰੇ
ਦੇਖ ਦਾਗ ਮੁੱਖ ਆਪਣੇ
ਉਹ ਹੁੰਬਕੀ ਹੁੰਬਕੀ ਰੋਇਆ
ਹਿਮ ਟੀਸੀਓ ਕੋਈ ਉਤਰੇ
"ਕਾਹਲ" ਵੇਦ ਸਰਦ ਰੁੱਤ ਦਾ
ਕਰੇ ਖੂਨ ਜੁੱਸੇ ਹਰਕਤ,
ਇਸ ਬੁੱਤ ਹੋਏ ਬੁੱਤ ਦਾ
ਏਕਮ ਨੂੰ ਅੱਖ ਉਘੇੜੇ
ਜੰਮੇ ਮੱਸਿਆ ਦਾ ਮੋਇਆ।
ਪੂਨਮ ਦੇ ਚੰਨ ਤਾਈਂ ਅੱਜ ਤਾਪ ਹੈ ਓ ਹੋਇਆ।

✡✡

## ਦਮਾਂ ਦੇ ਲੋਭੀ

ਦਮਾਂ ਦਿਆਂ ਲੋਭੀਆਂ ਨੇ
ਦਮ ਮੇਰਾ ਘੁੱਟਿਆ,
ਖੌਂ ਬਣੇ ਨਿੱਕੀ ਜਿੰਨੀ ਜਾਨ ਦੇ
ਡੱਕਾ ਡੱਕ ਹੋਇ ਕੇ

ਡਿਡਕ ਗਏ ਚੰਦਰੇ
ਤਰਿੱਸੇ ਬੁੱਲ੍ਹ ਅਜੇ ਸਾਡੇ ਕਾਹਨ ਦੇ
ਹਾਰ ਤੇ ਹਮੇਲਾਂ,
ਚੋਟੀ ਫੁੱਲ ਅਤੇ ਗੋਖੜੂ,
ਬਾਬਲ ਨੇ ਵਿਦਿਆ ਦੇ ਪਾਏ ਨੇ।
ਲੈ ਕੇ ਤੰਦੋਲੇ ਲੋਕੋ,
ਅਸਾਂ ਤਪਲ ਬੂਟੀ ਦੇ,
ਮੁਕੱਦਰ ਦੀ ਜਬ੍ਹਾਂ ਥੀ ਜੜਾਏ ਨੇ
ਤਈਨ ਦਿਆਂ ਭੁੱਖਿਆਂ ਨੂੰ
ਡੰਝ ਰਹੀ ਛਿੱਲੜਾਂ ਦੀ
ਸ਼ੋਹਰਤ ਤੁਜ਼ਾਰ ਉਹ ਕੀ ਜਾਣਦੇ।
ਡੱਕਾ ਡੱਕ ਹੋਇ ਕੇ ...............

ਇੱਕ ਸਾਡੇ ਪਿਆਰ ਗੁੱਧੇ,
ਜਣਦੇ ਗਰੀਬੜੇ,
ਜੱਗੋਂ ਬਾਹਰਾ ਹੋਇ ਕੀਤਾ ਕਾਜ ਏ,
ਸ਼ਾਹੂਕਾਰੀ ਕਰਜੇ ਨੇ,
ਮਾਰ ਲਈ ਕੁੰਡਲੀ,
ਸ਼ੂਕਦੀ ਪਈ ਸਾਨੂੰ ਸਾਡੀ ਲਾਜ ਏ।
ਉੱਠੀ ਨਹੀਂ ਡੋਲੀ ਇਹ
ਉੱਠੀ ਏ ਸਿੜੀ ਲੋਕੋ
ਚਲੇ ਅਸੀਂ ਵੱਲ ਜਿਰਵਾਨ ਦੇ
ਡੱਕਾ ਡੱਕ ਹੋਇ ਕੇ ..............

ਜਿਊੜਾ ਸਾਡਾ ਬੋਟ ਤੋਂ,
ਜਦੋਂ ਹੀ ਉਡਾਕ ਹੋਇਆ,
ਸਧਰਾਂ ਦੇ ਪਿੱਛੇ ਉੱਡ ਖੜਿਆ,
ਪਹਿਲੀ ਹੀ ਉਡਾਰੀ ਵਿੱਚ,
ਸ਼ਿਕਰੇ ਨਾਲ ਭੇਟ ਹੋਈ,
ਮਾਰ ਕੇ ਝਪੱਟਾ ਉਸ ਫੜਿਆ,
ਜੀਅ ਮਾਰ ਕਰੇ ਜਿਹੜਾ,
ਅੱਠ ਪਹਿਰ ਚਾਈਂ ਚਾਈਂ,
ਕਹੀਏ ਕਿੰਕਣ ਉਹਨੂੰ ਜੀਅ ਦਾਨ ਦੇ
ਡੱਕਾ ਡੱਕ ਹੋਇ ਕੇ ................

ਸੋਨਿਓ ਸਾਵੀਂ ਜਰ੍ਹੇ ਢਏ,
ਪਿਆਰ ਦੇ ਢੋਏ ਵਿੱਚ,
ਮਿੱਟੀ ਵਿੱਚ ਅੱਜ ਤੂੰ ਰੋਲੇ ਵੇ।
ਕਿਰ ਗਈਆਂ ਤਨ ਉਤੋਂ
ਰੀਝਾਂ ਦੀਆਂ ਕਲੀਆਂ
ਮੇਨ੍ਹਿਆਂ ਦੇ ਵਜੇ ਜਦ ਝੋਲੇ ਵੇ,
ਪਿਆ ਉਏ ਤਭੜੇ
ਤੜੀ ਵਿੱਚ "ਕਾਹਲ" ਸਾਨੂੰ
ਵੱਸ ਪਏ ਕੱਚੇ ਓ ਮਸਾਨ ਦੇ
ਡੱਕਾ ਡੱਕ ਹੋਇਕੇ
ਡਿਡਕ ਗਏ ਚੰਦਰੇ
ਤਰਿੱਸੇ ਬੁੱਲ੍ਹ, ਅਜੇ ਸਾਡੇ ਕਾਹਨ ਦੇ।

✡✡

# ਭਰੂਣ ਹੱਤਿਆ

ਰਾਜੇ ਕਈ ਜਨਮੇ ਮੈਂ ਸੂਰੇ ਕੀਤੇ ਪੈਦਾ ਕਿੰਨੇ,
ਵੀਰਤਾ ਨਾ ਜਾਣਦੀ ਤੂੰ ਭਾਰਤ ਦੀ ਨਾਰ ਦੀ।
ਹੋਇਆ ਕੀ ਕਸੂਰ ਮੈਥੋਂ ਦੱਸ ਮਾਏ ਮੇਰੀਏ ਨੀ,
ਬਿੰਨ੍ਹਾ ਹੀ ਕਸੂਰੋਂ ਕਾਹਤੋਂ ਕੁੱਖ 'ਚ ਤੂੰ ਮਾਰਦੀ।
ਸਦੀਆਂ ਤੋਂ ਜ਼ੁਲਮ ਜਬਰ ਹੁੰਦਾ ਆਇਆ ਨਾਰੀ ਉੱਤੇ,
ਪੈਰ ਦੀ ਜੁੱਤੀ ਇਸੇ ਲਈ ਆਖੀ ਜਾਵਦੀ,
ਨਿੱਕੇ ਨਿੱਕੇ ਪੈਰਾਂ 'ਚ ਲੋਹੇ ਦੀ ਪਾ ਦੇਣੀ ਜੁੱਤੀ
ਪੈਰ ਛੋਟੇ ਦੇਹ ਭਾਰੀ ਤੁਰ ਔਖੀ ਪਾਂਵਦੀ,
ਵਿਦੇਸ਼ੀ ਹਮਲਾਵਾਰ ਲੈ ਜਾਣ ਜ਼ਰ ਜੋਰੂ,
ਲਚਾਰ ਮਜਬੂਰ ਇਹ ਉਧਾਲੀ ਔਖੀ ਜਾਣਦੀ।
ਉਜਾੜੇ ਖੋਰ ਪਸ਼ੂਆਂ ਦੇ ਲੋਕ ਪਾਉਂਦੇ ਗਲ ਡਾਹੇ,
ਪਸ਼ੂਆਂ ਤੋਂ ਮਾੜਾ ਸੀ ਇਹ ਜੀਵਨ ਬੀਤਾਂਵਦੀ।
ਪੈਰ ਬੇੜੀ ਹੱਥੀ ਕੜੀਆਂ ਨੱਕ ਨੱਥਾਂ ਗਲ ਹਸਲੀ
ਮੋਟਿਆ ਓ ਕੜਿਆ ਸੰਗ ਕੜੀ ਸੀ ਇਹ ਜਾਂਵਦੀ,
ਫਿਰਾਖ ਦਿਲੀ ਦੇਖੋ ਤੁਸੀਂ ਫਿਰ ਨਾਰੀ ਜਾਤ ਦੀ ਇਹ,
ਗਹਿਣਿਆਂ ਦੇ ਤੌਰ 'ਤੇ ਇਹ ਪਈ ਅਪਨਾਵਦੀ।
ਹੌਲੀ ਹੌਲੀ ਬਦਲੇ ਗਏ ਇਹ ਸੋਨੇ ਚਾਂਦੀ ਵਿੱਚ,
ਛੋਟਿਆਂ ਅਕਾਰਾਂ ਵਿੱਚ ਅੱਜ ਜੋ ਹੰਡਾਂਵਦੀ।
ਪਤੀ ਦੀ ਇਹ ਮੌਤ ਸੰਗ ਸਤੀ ਹੁੰਦੀ ਸਿੜੀ ਉੱਤੇ,
ਯੁੱਧ ਆਉਂਦੇ ਜਾਂਵਦੇ ਦੀ ਆਰਤੀ ਉਤਾਰਦੀ,
ਪਤੀ ਪ੍ਰਮੇਸ਼ਵਰ ਜਾਣ ਪੂਜਦੀ ਜੋ ਪਤੀ ਤਾਈਂ
ਚੰਦਰੇ ਸਮਾਜ ਵੱਲੋਂ ਦੁਰਕਾਰੀ ਫੇਰ ਵੀ ਜਾਂਵਦੀ
ਸਾਇੰਸ ਦੀ ਤਰੱਕੀ ਘਟੇਂ ਅਲਟ੍ਰਾਸਾਊਂਡ ਹੁੰਦੀ ਨਾਹੀਂ
ਜਨਮ ਤੋਂ ਬਾਅਦ ਹੀ ਸੀ ਨਾਰੀ ਮਾਰੀ ਜਾਂਵਦੀ
ਮਾਰਨ ਦੇ ਢੰਗ ਤੇ ਤਰੀਕੇ ਵੀ ਸੀ ਅੱਡੋ ਅੱਡ
ਵੱਖੋ ਵੱਖ ਢੰਗ ਸੀ ਲੋਕਾਈ ਅਪਨਾਂਵਦੀ
ਅੱਕ ਚੋਣਾਂ ਡੋਬ ਦੇਣਾ ਜਿਉਂਦੀ ਘੜੇ ਪੂਰਨਾ
ਹੱਥ ਪੂਣੀ ਮੂੰਹ ਗੁੜ੍ਹ ਰੋੜੀ ਦੇ ਭੋਰੇਂ, ਪਾਂਵਦੀ
ਪੂਣੀ ਕੱਤੀ ਗੁੜ ਖਾਈਂ ਵੀਰ ਘੱਲੀ ਤੂੰ ਨਾ ਆਈ
ਟੋਲੀ ਇਹ ਜ਼ਨਾਨੀਆਂ ਦੀ ਗੀਤ ਉੱਪਰ ਗਾਂਵਦੀ।
ਮਹਾਂਪੁਰਸ਼ ਰਾਜ ਕੌਰ ਕਢਾਉਂਦੇ ਨਾ ਜੇ ਘੜੇ ਵਿੱਚੋਂ,
ਸ਼ੇਰੇ ਓ ਪੰਜਾਬ ਮਾਤਾ ਕਿੱਥੋਂ ਬਣ ਜਾਂਵਦੀ

ਬੰਦਾ ਬਹਾਦਰ ਹਰੀ ਸਿੰਘ ਸ਼ਾਮ ਸਿੰਘ ਮੇਰਾ ਜਾਇਆ
ਸ਼ੇਰਾਂ ਹਾਥੀ ਸੰਗ ਸੂਰੀ ਬਚਿੱਤਰ ਸਿੰਘ ਲੜਾਂਵਦੀ।
ਰਿਸ਼ੀ ਮੁਨੀ ਗੁਰੂ ਪੀਰ ਮੇਰੇ ਹੀ ਨੇ ਕੁੱਖੋਂ ਜਾਏ
ਸਿੱਖਿਆ ਓ ਜਿੰਨਾਂ ਦੀ ਹੈ ਦੁਨੀਆ ਨੂੰ ਤਾਰਦੀ
ਗੁੰਗਾਂ ਗਾਮਾ ਕਿੱਕਰ ਤੇ ਮੱਲ ਮੋਕਹਟਹਠ;
ਅਖਾੜਿਆਂ ਦੀ ਧਰਤੀ ਨਾ ਭਾਰ ਸੀ ਸਹਾਰਦੀ
ਭਗਤ ਸਿੰਘ ਰਾਜ ਗੁਰੂ ਚੁੰਮੀ ਸੁਖਦੇਵ ਫਾਂਸੀਂ
ਗੋਲੀ ਊਧਮ ਸਿੰਘ ਦੀ ਪਈ ਡਾਇਅਰ ਤਾਈਂ ਮਾਰਦੀ
ਦੇਸ਼ ਭਗਤ ਸੂਰੇ ਯੋਧੇ ਕਵੀ ਸਾਰੇ ਮੇਰੇ ਜਾਏ
ਫੇਰ ਤੇਰੀ ਕੁੱਖ ਕਿਓਂ ਹੈ ਮੈਨੂੰ ਦੁਰਕਾਰਦੀ
ਦੁਰਗਾ, ਚੰਡੀ, ਟਰੇਸਾ, ਨਾਇਡੋ ਮੈਂ ਹੀ ਹਾਂ ਚਾਵਲਾ
ਗਾਂਵਦੀ ਹੈ ਗਾਥਾ ਓ ਦੁਨੀਆ ਮੇਰੀ ਵਾਰ ਦੀ
ਮਿੰਨਤਾਂ ਤਰਲੇ ਯਈਂ ਯਈਂ ਕਰ ਲੱਖਾਂ ਪਾਏ ਵਾਸਤੇ
ਪਰ ਮੇਰੇ ਪ੍ਰਭਾਵ ਤੋਂ ਨਾ ਮਾਓ ਮੇਰੀ ਹਾਰਦੀ
ਗੋਦਾ ਉਸ ਗੁੰਦੀਆਂ ਨੇ ਗੁੱਝੀਆਂ ਮੇਰੇ ਮਾਰਨੇ ਨੂੰ
ਹਿੰਮਤ ਰਤਾ ਦਸ ਦਿਆਂ ਇੱਕਵੀਂ ਸਦੀ ਨਾਰ ਦੀ
ਖੁਆਬੀ ਮੈਥੋਂ ਡਰੇਗੀ ਤੂੰ ਮਾਰਨਾ ਤਾਂ ਕੀ ਏ ਮਾਏ
ਲਸ਼ਕੌਰ ਦੇਖ ਹੱਥ ਮੇਰੇ ਝਾਂਸੀ ਤਲਵਾਰ ਦੀ
ਹਸਪਤਾਲ ਸਾਰੇ ਹੀ ਮੈਂ ਆਉਣ ਲਾਈਨ ਲਾ ਦੇਣੇ
ਦੇਖਾਂ ਕਿਹੜਾ ਤਾਬ ਝੱਲੂ ਫੇਰ ਸਰਕਾਰ ਦੀ
ਜ਼ੁਲਮ ਸਹਿਣਾ ਜ਼ੁਲਮ ਕਰਨਾ ਦੋਵੇਂ ਹੀ ਓ ਜ਼ੁਲਮ ਨੇ
ਜ਼ੁਲਮ ਲਈ ਫੇਰ ਕਿਓਂ ਤੂੰ ਬਦਨੀਅਤ ਧਾਰਦੀ
ਜ਼ਿੰਦਗੀ ਨੂੰ ਜਿਊਂਣ ਦਾ ਹੱਕ ਹੈ ਓ ਸਭ ਦਾ
ਫੇਰ ਮੇਰੇ ਹੱਕ ’ਤੇ ਤੂੰ ਛਾਪੇ ਕਿਓਂ ਹੈ ਮਾਰਦੀ
ਮੁੰਡੇ ਕੁੜੀ ਵਿੱਚ ਰਿਹਾ ਹੁਣ ਕੋਈ ਫ਼ਰਕ ਨਾ
ਫ਼ਰਕ ਤੇਰੀ ਸੋਚ ਦਾ ਫ਼ਰਕ ਪਈ ਪਾਂਵਦੀ
ਮੁੰਡੇ ਉਥੇ ਪਹੁੰਚਦੇ ਨਾ ਕੁੜੀਆਂ ਜਿਥੇ ਪਹੁੰਚੀਆਂ
ਚੰਨ ਤੋਂ ਉੱਡਾਰੀ ਲਾ ਕੇ ਸੁਨੀਤਾ ਮੁੜੀ ਆਂਵਦੀ
ਮਾਫ਼ ਕਰ ਮਾਫ਼ ਕਰ ਮੇਰੀ ਧੀ ਲਾਡਲੀ ਤੂੰ
ਤਲੀ ’ਤੇ ਸਮਝ ਛਾਲਾ ਮੈਂ ਹਾਂ ਤੈਨੂੰ ਪਾਲਦੀ
“ਕਾਹਲ” ਕੋਈ ਵੀ ਮਰੇਗੀ ਨਾ ਅੱਜ ਤੋਂ ਧੀ ਕੁੱਖ
ਕੁੱਖ ਭਰੀ ਟੋਲੀ ਓ ਜ਼ਨਾਨੀਆਂ ਦੀ ਗਾਂਵਦੀ
ਧੀਆਂ ਦੀਆਂ ਗਾਓ ਮਨਾਓ ਘੋੜੀਆਂ ਤੇ ਲੋਹੜੀਆਂ
ਨਾਰੀ ਜਾਤ ਸੌਂਹ ਸਤਿਕਾਰ ਧੀ ਲਈ ਹੈ ਪਾਂਵਦੀ।

## ਮਾਂ ਬੋਲੀ ਦੇ ਬਣੇ ਸ਼ਿੰਗਾਰ

ਲੱਖਾਂ ਲਾਡਲੇ ਪੁੱਤ ਪੰਜਾਬੀ
ਮਾਂ ਬੋਲੀ ਦਾ ਬਣੇ ਸ਼ਿੰਗਾਰ,
ਗੁਰੂਆਂ ਪੀਰਾਂ ਕਵੀਆਂ ਲੋਕੇ,
ਮਾਂ ਬੋਲੀ ਨੂੰ ਚੰਨ ਲਾਏ ਚਾਰ।

ਜਿੰਨ੍ਹਾਂ ਸੰਗ ਰਲ ਜ਼ਿੰਦਗੀ ਮਾਣੀ,
ਮਾਂ ਬੋਲੀ ਦੇ ਥੱਡਿਓ ਹਾਣੀ,
ਪੰਜ ਦਰਿਆ ਦੇ ਸੁੱਚੇ ਪਾਣੀ,
ਛੱਲਾਂ ਕਲ੍ਹ ਕਲ੍ਹ ਕਰਨ ਕਹਾਣੀ,
ਚਾਟੀ ਵਿੱਚ ਗਾਏ ਗੀਤ ਮਧਾਣੀ
ਰੰਗਲਾ ਨੇਤਰਾ ਗੋਰੇ ਹੱਥੀਂ
ਜਾਪੇ ਪਰੀ ਪੰਜਾਬਣ ਨਾਰ
ਲੱਖਾਂ ਲਾਡਲੇ ਪੁੱਤ ਪੰਜਾਬੀ .......

ਮਦ ਮਸਤ ਹਵਾਵਾਂ
ਕਰਨ ਅਦਾਬ।
ਮਨ ਮੇਰੇ ਦਾ ਕੋਰਾ ਲੱਠਾ,
ਭਿੰਨੀ ਭੂਰ ਪੂਰੇ ਦੀ ਫੜਿਆ।
ਪੈਣ ਛਰਾਟੇ ਵਗਣ ਫਰਾਟੇ
ਮੋਹ ਭਿੰਨ੍ਹਾ ਓ ਪ੍ਰੀਤ ਦਾ ਵਤਰ
ਗਿੱਠ ਗਿੱਠ ਸਾਡੇ ਦਿਲ ’ਤੇ ਚੜ੍ਹਿਆ
ਸੁੱਚੇ ਬੀਜ ਬੀਜੇ ਖੁਸ਼ੀ ਦੇ
ਸੰਘਣੀ ਉੱਗੀ ਫਸਲ ਪਿਆਰ
ਲੱਖਾਂ ਲਾਡਲੇ ਪੁੱਤ ਪੰਜਾਬੀ .........

ਨੂਰੀ ਝਲਕ ਦਿਖਾਈ ਬਾਬੇ ਨਾਨਕ
ਚਾਰ ਚੁਫ਼ੇਰਾ ਗਿਆ ਰੁਸ਼ਨਾਇਆ
ਮਲਕ ਭਾਗੋ ਤੇ ਕੌਡਾ ਰਾਕਸ਼
ਵਲੀ ਕੰਧਾਰੀ ਸਿੱਧੇ ਰਾਹ ਪਾਇਆ
ਧੰਨ ਸ਼੍ਰੀ ਗੁਰੂ ਅਰਜਨ ਦੇਵ ਜੀ
ਗੁਰੂ ਗ੍ਰੰਥ ਜੀ ਦਾ ਸੰਪਾਦਨ ਕਰਾਇਆ

ਸੂਫ਼ੀ ਕਾਵਿ ਦੀ ਰਚਨਾ ਕਹਿੰਦੇ
ਪਹਿਲਾਂ ਸ਼ਾਹ ਹੁਸੈਨ ਚਲਾਈ
ਸੁਲਤਾਨ ਬਾਹੂ ਚੰਬੇ ਦੀ ਬੂਟੀ
ਮੁਰਸ਼ਦ ਮਨ ਦੇ ਵਿੱਚ ਸੀ ਲਾਈ
ਕੰਜਰੀ ਬਣ ਕੇ ਨੱਚਿਆ ਬੁੱਲ੍ਹਾ
ਸ਼ਾਹ ਅਨਾਇਤ ਸੀ ਜਿਸ ਦਾ ਸਾਈਂ
ਹੀਰ ਤੋਰੀ ਵਾਰੇ ਸ਼ਾਹ ਰੰਗ ਪੁਰ
ਰਾਂਝਾ ਫਿਰਦਾ ਕਾਸੇ ਚਾਈਂ
ਹਾਸ਼ਮ ਸਾੜੀ ਥੱਲ ਵਿੱਚ ਸੱਸੀ
ਡਾਂਚੀ ਜਾਂਦੀ ਪੁਨੂੰ ਚਾਈਂ
ਕਿਨਾਰੇ ਕਦੀ ਨਾ ਲਾਉਂਦੇ ਕੱਚੇ
ਚੰਨ੍ਹਾਂ ਵਿੱਚ ਡੁੱਬਦੇ ਦੋਵੇਂ ਯਾਰ
ਲੱਖਾਂ ਲਾਡਲੇ ਪੁੱਤ ........

ਅੰਮ੍ਰਿਤਾ ਪ੍ਰੀਤਮ ਵਾਰੇ ਸ਼ਾਹ ਨੂੰ
ਕਬਰਾਂ ਵਿੱਚੋਂ ਪਈ ਬੁਲਾਵੇ
ਲੱਖਾਂ ਧੀਆਂ ਰੋਂਦੀਆਂ ਉੱਤੇ
ਵੈਣ ਕਿਹੜਾ ਦਸ ਅੱਜ ਓ ਪਾਵੇ
ਬਾਬਾ ਫਰੀਦ ਰੱਬੀ ਰੰਗ ਰੰਗਿਆ
ਖੰਡੋਲਦੇ ਕਾਂਗ ਨੂੰ ਆਖੀ ਜਾਵੇ
ਇਹ ਦੋ ਨੈਣਾਂ ਮਤਿ ਛੁਹਿਓ
ਮੋਹੇ ਪਿਰ ਦੇਖਿਨ ਕੀ ਆਸ ਸਤਾਵੇ
ਸ਼ਿਵ ਦੀ ਕਲਮ ਕੰਲਕੀ ਲੂਣਾਂ
ਪਾਕਿ ਪਵਿੱਤਰ ਕਰ ਦਿਖਲਾਵੇ

ਹੰਝੂ ਸੋਗ ਦੀ ਭਰੀ ਨਦੀ ਵਿੱਚ
ਪੀੜਾਂ ਦੇ ਪਈ ਗੋਤੇ ਖਾਵੇ
ਡੂੰਘੇ ਖੂਹੇ ਮਣ ਨਾਲ ਲੱਗੀ
ਨੂਰਪੁਰੀ ਦੀ ਰੂਹ ਪਵਿੱਤਰ
ਔਖੇ ਵੇਲੇ ਖਾਲੀ ਹੱਥ ਦਾ
ਕੋਈ ਨਹੀਂ ਬਣਦਾ ਯਾਰੋ ਮਿੱਤਰ
ਨਵੇਂ ਕਾਵਿ ਵਿੱਚ ਪੂਰਨ ਸਿੰਘ ਨੇ
ਕਿਸਾਨ ਮਜਦੂਰ ਤੇ ਰੁੱਖ ਰੁਸ਼ਨਾਏ
ਮੌਤ ਨੂੰ ਮਖੌਲਾਂ ਕਰਨ ਪੰਜਾਬੀ
ਮਰਨ ਥੀਂ ਨਾ ਡਰਦੇ ਹਨ ਦਰਸਾਏ
ਸਿਰ ਨੀਵਾਂ ਕਰ ਭੋਲੇ ਪਸ਼ੂ ਚਰਦੇ
ਮੁੜ ਮੁੜ ਲੋਚੇ ਪਸ਼ੂ ਬਣ ਜਾਏ
ਕਿਰਤੀ ਕਿਸਾਨਾਂ ਦਾ ਯਾਰ ਚਾਤ੍ਰਿਕ
ਬੇਰੁਜ਼ਗਾਰੀ ਦੀ ਦੇਵੇ ਦੁਹਾਈ
ਰੁੱਤਾਂ ਮੇਲਿਆਂ ਉੱਪਰ ਜਿਸ ਨੇ
ਅਪਣੀ ਕਲਮ ਹੈ ਖ਼ੂਬ ਚਲਾਈ
ਮੋਹਨ ਸਿੰਘ ਦੇਵੇ ਏਕੇ ਦਾ ਹੋਕਾ
ਭੇਦ ਭਾਵ ਤੋਂ ਕਹਿੰਦਾ ਬਚੀਏ
ਸਾਰੀ ਮਨੁੱਖਤਾ ਇੱਕ ਪਿੜ ਅੰਦਰ
ਇੱਕ ਮੁੱਠ ਇੱਕ ਸੁਰ ਹੋ ਕੇ ਨੱਚੀਏ
ਭਾਈ ਵੀਰ ਸਿੰਘ ਸਿਰਜੀ ਕਵਿਤਾ ਨਿੱਕੀ
ਆਖੇ ਘਰ ਨਹੀਂ ਛੱਡਣਾ ਰੱਬ ਦੀ ਖਾਤਿਰ
ਆਖਿਰ ਵਿੱਚ "ਕਾਹਲ" ਇਹ ਵੀ ਸੁਣ ਲਓ
ਕੀ ਕਹਿੰਦਾ ਹੈ ਅੱਜ ਦਾ ਪਾਤਰ
ਪਾਤਰ ਪਏ ਪੁਕਾਰਦੇ ਪੱਤੇ ਤੇ ਪਤੀਆਂ
ਉੱਠ ਜਗਾ ਦੇ ਮੋਮਬੱਤੀਆਂ
ਮੀਸਾ, ਪ੍ਰਭਜੋਤ, ਹਮਦਰਦ, ਗਾਰਗੀ
ਗਾਸੋ, ਕੰਵਲ ਕਰਦੇ ਕਵਿਤਾ ਲੰਬੀ
ਉੱਲਰ ਜਾਊ ਸਫ਼ੇ ਦੇ ਉੱਪਰ
ਕਲਮ ਮੇਰੀ ਨਾ ਦੇਣੀ ਥੰਮੀ।

✡✡

*ਸੂਫ਼ੀਆਨਾ ਰੰਗਤ*

## ਲਾ ਕੇ ਰੋਗ ਸੱਜਣ ਤੁਰ ਚੱਲੇ

ਲਾ ਕੇ ਰੋਗ ਸੱਜਣ ਤੁਰ ਚੱਲੇ,
ਹਾੜਾ ਓਹ ਹੁਣ ਨਹੀਂ ਰੁਕਦੇ।

ਨਹੀਂ ਰੁੱਕਦੇ ਭਾਵੇਂ ਮੈਂ ਲੱਖ ਠੱਲ੍ਹੇ,
ਹਾੜਾ ਓਹ ਹੁਣ ਨਹੀਂ ਰੁਕਦੇ।

ਪੀੜ ਕਰੇਂਦੇ ਸੌਣ ਨਹੀਂ ਦਿੰਦੇ,
ਫੱਟ ਹਿੱਜਰ ਦੇ ਅੱਲੇ। ਹਾੜਾ ਹੁਣ ..........

ਜਿੰਨ੍ਹੀ ਰਾਹੀ ਕੋਈ ਮੁੜਦੇ ਨਾਂਹੀ
ਰਾਹ ਉਹ ਸੱਜਣਾਂ ਮੱਲੇ। ਹਾੜਾਂ ਓਹ ਹੁਣ .........

ਅੰਦਰ ਮੇਰੇ ਭੜਕਨ ਭਾਂਹੀ,
ਰਹਿ ਗਏ ਅਸੀਂ ਓ ਇਕੱਲੇ।

ਹਾੜਾ ਉਹ ਹੁਣ ਨਹੀਂ ਰੁਕਦੇ .........
ਹਾਸੇ ਸਾਡੇ ਲੁੱਟ ਪੁੱਟ ਲੈ ਗਏ,

ਪਾ ਕੇ ਗਮ ਨੀ ਪੱਲੇ।
ਹਾੜਾ ਉਹ ਹੁਣ ਨਹੀਂ ਰੁਕਦੇ ..........

ਹੱਥੋਂ ਸੱਖਣੀ ਮੈਂ ਨੀ ਹੋਈ,
ਸਾਹਿਬ ਮਰੇਂਦਾ ਖੱਲੇ।

ਹਾੜਾ ਉਹ ਹੁਣ ਨਹੀਂ ਰੁਕਦੇ .........
"ਕਾਹਲ" ਲੈ ਚੱਲ ਨਾਲ ਰਲਾ ਕੇ,

ਕਾਸਿਦ ਹੌਕੇ ਘੱਲੇ।
ਹਾੜਾ ਉਹ ਹੁਣ ਨਹੀਂ ਰੁਕਦੇ,

ਲਾ ਕੇ ਰੋਗ ਸੱਜਣ ਤੁਰ ਚੱਲੇ।

✡✡

## ਕਿਉਂ ਜ਼ੁਲਮ ਕਰੇਨਾਂ ਏ ਏਡੇ ਉ ਯਾਰ

ਕਿਉਂ ਜ਼ੁਲਮ ਕਰੇਨਾਂ ਏ ਏਡੇ ਉ ਯਾਰ,
ਕਦੀ ਆ ਵੜ ਵਿਹੜੇ ਮੈਡੇ ਉ ਯਾਰ।

ਤੈਨੂੰ ਥੱਡਿਉ ਹੀ ਅਸੀਂ ਭਾਲਦੇ ਰਹੇ,
ਤੈਡੇ ਦਿੱਤੜੇ ਗਮ ਉ ਪਾਲਦੇ ਰਹੇ,
ਆ ਕੇ ਵੇਖ ਉਹ ਹੋ ਗਏ ਕੈਡੇ ਉ ਯਾਰ।
ਕਿਉਂ ਜ਼ੁਲਮ ਕਰੇਨਾਂ ਐਡੇ ਉ ਯਾਰ

ਮੂੰਹ ਘਾਹ ਗਲ ਪਾਈਆਂ ਚੁੰਨੀਆਂ ਵੇ,
ਬਾਂਝ ਤੇਰੇ ਇਹ ਗਲੀਆਂ ਸੁੰਨੀਆਂ ਵੇ,
ਕਿਉਂ ਵੱਤਦਾ ਏ ਦਿਲੋ ਪਰੇਡੇ ਉ ਯਾਰ।
ਕਦੇ ਆ ਵੜ ਵਿਹੜੇ ਮੈਡੇ ਉ ਯਾਰ

ਕਰਾਂ ਮਿਨਤਾਂ ਤਰਲੇ ਅਰਜੋਈ,
ਤੇਰੇ ਲੜ ਲੱਗ ਖੱਜਲ ਖਵਾਰ ਹੋਈ,
ਤੇਡੇ ਪੁੱਠੜੇ ਕੰਮ ਤਰੇਡੇ ਉਹ ਯਾਰ।
ਕਦੀ ਆ ਵੜ ਵਿਹੜੇ ਸਾਡੇ ...........

ਧੂਣਾ ਇਸ਼ਕ ਫਰਾਕ ਦਾ ਧੁੱਖਦਾ ਏ,
ਘਾਉ ਦਿੱਤੜਾ ਤੇਡਾਂ ਡੁੱਖਦਾ ਏ,
ਕਰ ਨਛੱਤਰ ਦੁੱਖ ਦੁਰੇਡੇ ਉ ਯਾਰ।
ਕਦੀ ਆ ਵੜ ਵਿਹੜੇ ...........

ਸਿਰ ਬੱਦਲ ਬ੍ਰਿਹੋ ਗੱਜੇ ਵੇ,
ਅੱਖੀਂ ਪੀੜ ਰੜਕਦੀ ਵੱਜੇ ਵੇ,

ਬਿੰਨ "ਕਾਹਲ" ਦੇ ਖਾਵਾਂ ਠੈਡੇ ਉ ਯਾਰ,
ਕਿਉਂ ਜ਼ੁਲਮ ਕਰੇਨਾਂ ਏ ਐਡੇ ਉ ਯਾਰ,
ਕਦੀ ਆ ਵੜ ਵਿਹੜੇ ਮੈਡੇ ਉ ਯਾਰ।

✡✡

## ਯਾਰ ਪਿਆਰੜਿਆ

ਯਾਰ ਪਿਆਰੜਿਆ, ਸਾਨੂੰ ਮੁੱਖ ਵੇਖਣ ਦੀ ਭੁੱਖ ਵੇ,
ਮੰਗਾਂ ਹਰ ਪਲ ਤੇਰੀ ਸੁੱਖ ਵੇ, ਯਾਰ ਪਿਆਰੜਿਆ।
ਹੱਸ-ਹੱਸ ਮੇਲੀਆਂ ਪਹਿਲਾਂ ਅੱਖੀਆਂ, ਦਿਲ ਵਿੱਚ ਘੁੰਡੀਆਂ ਤੁਸਾਂ ਨੇ ਰੱਖੀਆਂ,
ਦੇਵਣ ਤਾਹਨੇ ਸਾਨੂੰ ਸੱਖੀਆਂ, ਹੋਰ ਨਾ ਸਾਨੂੰ ਕੋਈ ਦੁੱਖ ਵੇ।
ਯਾਰ ਪਿਆਰੜਿਆ ..................

ਨਾਜ਼ੁਕ ਜਿੰਦ ਨੂੰ ਬ੍ਰਿਹੋ ਕੋਹਵੇ, ਪ੍ਰੀਤ ਵਿੰਛੁਨੀ ਹੁੰਬਕੀ ਰੋਵੇ,
ਮਲ ਮਲ ਦਾਗ ਹਿੱਜਰ ਦੇ ਧੋਵੇ, ਕੂਲੇ ਹੱਡ ਪੈਣ ਧੁੱਖ ਵੇ।
ਯਾਰ ਪਿਆਰੜਿਆ ..................

ਪਹਿਲਾਂ ਗੱਲਾਂ ਦਿਲ ਦੀਆਂ ਕਰਦਾ, ਹੁਣ ਨਾ ਸਾਡੇ ਵਿਹੜੇ ਵੜਦਾ,
ਜਿਊੜਾ ਸਾਡਾ ਹਰ ਪਲ ਡਰਦਾ, ਹੋਰ ਹੋਇਆ ਵੇਖ ਰੁੱਖ ਵੇ।
ਯਾਰ ਪਿਆਰੜਿਆ ................

ਘਨੇਰਾ ਮਨ ਮੇਰੇ ਸੀ ਚਾਓ, ਦਿੱਤੇ ਗਮਾਂ ਨੇ ਡੂੰਘੇ ਘਾਓ,
"ਕਾਹਲ" ਮਰ੍ਹਮ ਜੇ ਸਬਰ ਦੀ ਲਾਓ, ਜਾਂਦੇ ਫਿਰ ਵੀ ਡੁੱਖ ਵੇ।
ਯਾਰ ਪਿਆਰੜਿਆ ਸਾਨੂੰ ਮੁੱਖ ਦੇਖਣ ਦੀ ਭੁੱਖ ਵੇ ......

✡✡

## ਲਾਅ ਲੈ ਹਿੱਕ ਦੇ ਨਾਲ

ਲਾਅ ਲੈ ਹਿੱਕ ਦੇ ਨਾਲ ਪਿਆਰੇ
ਲਾਅ ਲੈ ਹਿੱਕ ਦੇ ਨਾਲ।
ਨਾ ਕਰ ਹਾਲ ਬੇਹਾਲ ਪਿਆਰੇ, ਨਾ ਕਰ ਹਾਲ ਬੇਹਾਲ।
ਸੀਨੇ ਮੇਰੇ ਮੱਘਦੀ ਰਹਿੰਦੀ ਚਾਂਵਾਂ ਦੀ ਓ ਕੈਰੀ।
ਵਰੋਲੇ ਯਾਦਾਂ ਦੇ ਹੋਰ ਮਘਾਂਗੇ ਭੜਕੀ ਭਾਂਹ ਘਨੇਰੀ।
ਹਿੱਜਰ ਤੇਰੇ ਨੇ ਹੱਡ ਓ ਸਾੜੇ-ਸਾੜੇ ਭਾਂਬੜ ਬਾਲ।
ਲਾਅ ਲੈ ਹਿੱਕ ਦੇ ਨਾਲ ................

ਕਿਸ ਨੂੰ ਕੂਕ ਸੁਣਾਵਾਂ ਅੜਿਆ ਕੋਈ ਨਹੀਂ ਸੁਣਦਾ ਕੂੰਕ,
ਤਾਂਘ ਤੇਰੀ ਦਾ ਤੇਈਆ ਸਾਨੂੰ ਚੜਿਆ ਸੱਜਣਾਂ ਸ਼ੂਕ।
ਸਾਵਾ ਜਰਦ ਹੋਇਆ ਰੰਗ ਸੂਹਾ ਹੋਏ ਮੰਦੜੇ ਹਾਲ।
ਲਾਅ ਲੈ ਹਿੱਕ ਦੇ ਨਾਲ ..............

ਰੁੱਖਾਂ ਵੇਖ ਕੇ ਰੁੱਖ ਓ ਤੇਰਾ ਥਰ-ਥਰ ਕੰਬੇ ਜੀਅ।
ਕਿਸਮਤ ਮਾੜੀ ਉੱਗ ਪਏ ਹੇਰਵੇ ਮਿਲਣ ਦੇ ਬੀਜੇ ਬੀਅ,
ਇੱਕ-ਇੱਕ ਸਾਹ ਮੇਰਾ ਤੇਰੇ ਗਹਿਣੇ ਰੱਜ ਕੇ ਅਸੀਂ ਕੰਗਾਲ।
ਲਾਅ ਲੈ ਹਿੱਕ ਦੇ ਨਾਲ ..............

ਸਿੱਕ ਭੁੱਖ ਲੱਥ ਜਾਏ ਮਨ ਮੇਰੇ ਦੀ ਇਹ ਲਾਲਸਾ ਮੇਰੀ।
ਘੂੰਘਟ ਖੋਲ ਕੂੰਕਾਂ ਦਰ ਤੇਰੇ ਮੈਂ ਤੇਰੀ ਮੈਂ ਤੇਰੀ।
ਇੱਕ ਤੱਕਨੀ ਤੱਕਾਂ ਝੱਲਕ ਉਹ ਨੂਰੀ ਤਨ ਮਨ ਹੋਇ ਨਿਹਾਲ।
ਲਾਅ ਲੈ ਹਿੱਕ ਦੇ ਨਾਲ ................

ਦਿਲ ਦੇ ਰੱਕੜ ਰੈਜ਼ ਹੋ ਗਏ ਅੱਖਾਂ ਸਾਵਣ ਸੁੱਟਿਆ
ਲੂੰ ਲੂੰ ਦੇ ਚਿ ਬਿਰਹੋ ਚਸ਼ਮਾ ਕਲ੍ਹ ਕਲ੍ਹ ਕਰਕੇ ਫੁੱਟਿਆ
ਕਾਹਲ ਕਟੋਰੇ ਪੀ ਪੀ ਆਫਰ ਰੱਬੀ ਨੀਰ ਜਲਾਲ।
ਲਾਅ ਲੈ ਹਿੱਕ ਦੇ ਨਾਲ ਪਿਆਰੇ ਲਾਅ ਲੈ ਹਿੱਕ ਦੇ ਨਾਲ
ਨਾ ਕਰ ਹਾਲ ਬੇਹਾਲ ਪਿਆਰੇ ਨਾ ਕਰ ਹਾਲ ਬੇਹਾਲ

✡✡

## ਛੱਡ ਹੁਣ ਲੁੱਕ-ਲੁਕਾਅ

ਕਰਕੇ ਅੱਖਾਂ ਚਾਰ ਅਸਾਂ ਨਾਲ ਛੱਡ ਹੁਣ ਲੁੱਕ ਲੁਕਾਅ,
ਵੇ ਕਿਉਂ ਕਰਨਾ ਏ ਅੜੀਆਂ ਸੰਗ ਸ਼ਰਮ ਸਭ ਲਾਹ।

ਪਹਿਲਾਂ ਲੁੱਟੀ ਨੀਦ ਰਤੋਕੀ ਵੇਦਨਾ ਉੱਠੀ ਦਿਲੋ ਚਰੋਕੀ,
ਰੋਗ ਅਵੱਲਾ ਲਾਇਆ ਦਿਲ ਨੂੰ ਲਾਇਆ ਲਾ ਦਵਾ।
ਵੇ ਕਿਉਂ ਕਰਨਾਂ ਏ ਅੜੀਆਂ ..............

ਰੱਖਿਆ ਸਾਨੂੰ ਲਾਰੇ ਲੱਪੇ, ਚਾਅ ਕੁਆਰੇ ਸਾਡੇ ਕੱਪੇ,
ਦਿਨ ਰਾਤ ਸਾਨੂੰ ਕੋਹਵੇ ਬ੍ਰਿਹੋ, ਕਦੀ ਨਾ ਪੁੱਛਿਉ ਈ ਆ।
ਵੇ ਕਿਉਂ ਕਰਨਾਂ ਏ ਅੜੀਆਂ ..............

ਸ਼ਕਲ ਵਿਖਾ ਕੇ ਤੂੰ ਨੱਸ ਜਾਵੇ, ਫੜਦੇ ਰਹੀਏ ਹੱਥ ਨਾ ਆਵੇ,
ਸਾਡੇ ਹੀ ਅੰਦਰੋਂ ਫਿਰ ਸਾਨੂੰ ਕਰੇ ਹੌਲੀ ਜਿਹੀ ਝਾਅ।
ਵੇ ਕਿਉਂ ਕਰਨਾਂ ਏ ਅੜੀਆਂ ..............

ਲੱਖ ਮਾਓ ਸਾਨੂੰ ਦਿੰਦੀ ਮੱਤੀ, ਬਿੰਨ ਤੇਰੇ ਤੜਫੇ ਪਈ ਤੱਤੀ,
ਜਿਸ ਤਨ ਲੱਗੇ ਸੋਈ ਜਾਣੇ, ਕੀ ਹੁੰਦੇ ਨੇ ਤਾਅ।
ਵੇ ਕਿਉਂ ਕਰਨਾਂ ਏ ਅੜੀਆਂ ..............

ਮੇਰਾ ਨਾ ਕੋਈ ਸਹੁਰਾ ਪੇਕਾ, ਨਾਲ ਹੌਕਿਆਂ ਨਿਕਲੇ ਸੇਕਾ,
ਵਿਯੋਗ ਮਚਾਇਆ ਮੇਰਾ ਅੰਦਰ ਲੱਗੀ ਤਨ ਮਨ ਭਾਹ।
ਵੇ ਕਿਉਂ ਕਰਨਾਂ ਏ ਅੜੀਆਂ .............

ਭੁੱਲ ਜਾ ਹੁਣ ਤੂੰ ਲੁੱਕ ਛੁੱਪ ਰਹਿਣਾ "ਕਾਹਲ" ਕੂੰਕ ਲੋਕਾਂ ਨੂੰ ਕਹਿਣਾ,
ਸਹੀਉਂ ਏਹੀ ਚੋਰ ਅਸਾਂ ਦਾ ਲੋਕਾਂ ਲਈ ਖ਼ੁਦਾ।
ਵੇ ਕਿਉਂ ਕਰਨਾਂ ਏ ਅੜੀਆਂ ...........

✡✡

## ਨਾਲ ਸੱਜਣ ਦੇ ਲਾਈਆਂ

ਨਾਲ ਸੱਜਣ ਦੇ ਲਾਈਆਂ, ਨੀ ਮੈਂ ਨਾਲ ਸੱਜਣ ਦੇ ਲਾਈਆਂ,
ਭਰ ਭਰ ਮੁੱਠੀਆਂ ਵੰਡੋ ਪਤਾਸੇ, ਦਿਉ ਨੀ ਅੱਜ ਵਧਾਈਆਂ।
ਚੁਣ ਚੁਣ ਕਲੀਆਂ ਹਾਰ ਪਰੋਵਾਂ, ਰੰਡੀਉਂ ਅੱਜ ਸੁਹਾਗਨ ਹੋਵਾਂ,
ਖੋਲ ਕੇ ਜੁੰਡੇ ਕਰੋ ਮੈਡੀਆਂ, ਜ਼ੁਲਫੀ ਚਿੱੜੀਆਂ ਪਾਈਆਂ।
ਨੀ ਮੈਂ ਨਾਲ ਸੱਜਣ ਦੇ ਲਾਈਆਂ

ਮੈਂ ਤਾਂ ਸ਼ੋਹ ਸੱਚੇ ਨਾਲ ਮੰਗੀ,
ਲੂੰ-ਲੂੰ ਫੇਰਾਂ ਉਸ ਦੀ ਕੰਘੀ,
ਰੈਣ ਮੇਰੀ ਸਾਰੀ ਜਾਗਦੇ ਲੰਘੀ,
ਪਲ ਨਾ ਪਲਕਾਂ ਲਾਈਆਂ। ਨੀ ਮੈਂ ਨਾਲ ਸੱਜਣ ...........
ਆਉ ਸਹੇਲੀਉ ਵਟਨਾ ਲਾਉ, ਸੱਗੀ ਫੁੱਲ ਉਹਦੇ ਨਾਂ ਦਾ ਪਾਉ,
ਰਲ ਮਿਲ ਸੱਭੇ ਸੁਹਾਗਨੀ ਗਾਉ, ਭੈਣਾਂ ਬੀਬੀਆਂ ਮਾਈਆਂ।
ਨੀ ਮੈਂ ਨਾਲ ਸੱਜਣ ਦੇ ਲਾਈਆਂ

ਤਨ ਮਨ ਮੇਰੇ ਸੋਹਣੀ ਵੱਸੇ, ਮੈਂ ਹੱਸਾਂ ਤਾਂ ਉਹ ਵੀ ਹੱਸੇ,
ਦਿਲ ਦੀਆਂ ਸੁਣੇ ਦਿਲ ਦੀਆਂ ਦੱਸੇ, ਰਮਝਾਂ ਆਪ ਬੁਝਾਈਆਂ।
ਨੀ ਮੈਂ ਨਾਲ ਸੱਜਣ ਦੇ ਲਾਈਆਂ

ਮੈਂ ਤਾਂ ਹੋ ਗਈ ਪ੍ਰੇਮ ਦੀਵਾਨੀ, ਆ ਬਹਿ ਮੇਰੇ ਦਿਲ ਦੇ ਜਾਨੀ,
ਨਾ ਕੋਈ ਵਰਜੇ ਨਾ ਕੋਈ ਮੋੜੇ, ਖੁਸ਼ੀਆਂ ਨੀਘਰ ਆਈਆਂ।
ਨੀ ਮੈਂ ਨਾਲ ਸੱਜਣ ਦੇ ਲਾਈਆਂ

ਆਪ ਕਰੇ "ਕਾਹਲ" ਝਗੜੇ ਝੇੜੇ ਆਪ ਹੀ ਪਾਏ ਸਭ ਬਖੇੜੇ,
ਆਪ ਹੀ ਝੰਝਟ ਆਪ ਨਿਬੇੜੇ, ਆਪ ਹੀ ਭਰੇ ਗਵਾਹੀਆਂ।
ਨੀ ਮੈਂ ਨਾਲ ਸੱਜਣ ਦੇ ਲਾਈਆਂ

✡✡

# ਸਾਵਲ ਮੇਰਾ ਮੈਂ ਸਾਵਲ ਦੀ

ਸਾਵਲ ਮੇਰਾ ਮੈਂ ਸਾਵਲ ਦੀ ਸਾਵਲ ਬਾਝ ਨਾ ਕੋਈ,
ਨੀ ਸਹੀਓ ਮੈਂ ਸਾਵਲ ਦੀ ਹੋਈ, ਨੀ ਸਹੀਓਂ ਮੈਂ ਸਾਵਲ ਦੀ ਹੋਈ।

ਸਾਵਲ ਕੂੰਕਦੀ ਹੋ ਗਈ ਝੱਲੀ, ਮਾਰ ਗਿਆ ਨੀ ਸੱਟ ਕੁੱਕਲੀ,
ਜਿੰਦ ਨਿਮਾਣੀ ਰੁੜ-ਪੁੜ ਚੱਲੀ ਡੁੱਬ ਨੈਣਾਂ ਦੀ ਟੋਈ।
ਨੀ ਸਹੀਓਂ ਮੈਂ ਸਾਵਲ ..................

ਜਿਤ ਵੱਲ ਦੇਖਾਂ ਉਹੀ ਦਿੱਸੇ, ਬਾਝ ਨੀ ਉਸਦੇ ਝੂਠੇ ਕਿੱਸੇ,
ਸਾਡੇ ਵਾਂਗ ਨਾ ਕੋਈ ਵਿੱਸੇ, ਲੁੱਟ ਗਿਆ ਸਾਨੂੰ ਸੋਈ।
ਨੀ ਸਹੀਓਂ ਮੈਂ ਸਾਵਲ ..............

ਮੈਂ ਸਿਆਲੀ ਉਸ ਦੀ ਹੀਰ, ਉਹ ਮੇਰਾ ਰਾਂਝਾ ਉਹੀ ਪੀਰ,
ਵਿੰਨਿਆ ਸੀਨਾਂ ਮਾਰ ਕੇ ਤੀਰ, ਤਸੱਬੀ ਫਿਰਾਂ ਪਰੋਈ।
ਨੀ ਸਹੀਓਂ ਮੈਂ ਸਾਵਲ ..............

ਖੇਹਿ ਮਿੱਟੀ ਚਾਹੇ ਸਿਰ ਪਾਵੇ, ਸੋ-ਸੋ ਉਂਜਾਂ ਬੰਦੀਆਂ ਲਾਵੇ,
ਪਰ ਇੱਕ ਮੈਨੂੰ ਛੱਡ ਨਾ ਜਾਵੇ, ਖੱਟਦੀ ਫਿਰਾਂ ਧਰੋਈ।
ਨੀ ਸਹੀਓਂ ਮੈਂ ਸਾਵਲ .............

ਦੁੱਖ ਮੁਹਾਣੇ ਇੱਤਵਲ ਮੋੜੇ, ਹੱਡਾਂ ਨਾਲੋਂ ਮਾਸ ਤਰੋੜੇ,
ਅੰਗ ਅੰਗ ਸਾਡਾ ਭੰਨ ਮਰੋੜੇ, ਫਿਰ ਵੀ “ਕਾਹਲ” ਨਰੋਈ।
ਨੀ ਸਹੀਓਂ ਮੈਂ ਸਾਵਲ .............

ਵੱਗ ਢੁੱਕਦੇ ਨੂੰ ਸਾਵਲ ਆਇਆ, ਰੱਤਾ ਪਲੰਘ ਵਸਲ ਨੂੰ ਡਾਹਿਆ,
ਰੀਝਾਂ ਮਿੱਠਾ ਮੰਨ ਪਕਾਇਆ, ਕਾਲਜੇ ਦੇ ਦੇ ਗੋਈ।
ਨੀ ਸਹੀਓਂ ਮੈਂ ਸਾਵਲ ਦੀ ਹੋਈ ...........

✡✡

## ਕੀਤਾ ਇਸ਼ਕ ਤੇਰੇ ਨੇ ਝੱਲਾ

ਕੀਤਾ ਇਸ਼ਕ ਤੇਰੇ ਨੇ ਝੱਲਾ ਹਾੜਾ ਉਏ ਤੈਨੂੰ ਕਿੰਝ ਦੱਸੀਏ,
ਕਿੰਜ ਦੱਸੀਏ ਸੱਜਣ ਉਏ ਤੈਨੂੰ ਹਾੜਾ ਉਏ ਤੈਨੂੰ ਕਿੰਜ ਦੱਸੀਏ।
ਕੱਪਰ ਕਹਿਰ ਦੇ ਹਿੱਜਰਾਂ ਵਾਲੇ, ਸ਼ੀਤ ਤਾਂਘ ਦੀ ਆਸ ਦੇ ਪਾਲੇ,
ਸ਼ੋਹ ਵੀ ਪਿਆਰਾ ਆਇਆ ਨਾ ਹਾਲੇ, ਕੰਬ ਰਿਹਾ ਦਿਲ ਉਏ ਇਕੱਲਾ।
ਹਾੜਾ ਉਏ ਤੈਨੂੰ ........................

ਤਨ ਦਾ ਬੇੜਾ ਰੁੜਦਾ ਜਾਵੇ, ਪੂਰ ਗਮਾਂ ਦਾ ਗੋਤੇ ਖਾਵੇ,
ਬ੍ਰਿਹੋ ਤੇਰਾ ਪਿਆ ਸਤਾਵੇ, ਚੱਪੂ ਕਰੇਦੇ ਪਏ ਅੱਲਾ ਅੱਲਾ।
ਹਾੜਾ ਉਏ ਤੈਨੂੰ .....................

ਮੌਤ ਵਿਛੋੜਾ ਬੱਦਲ ਗੱਜਦਾ, ਸੱਲ ਪ੍ਰੀਤ ਦਾ ਸੀਨੇ ਵੱਜਦਾ,
ਕੀ ਪਤਾ ਦਿਨ ਹਜਾਤੀ ਅੱਜ ਦਾ, ਮੰਨ ਅਰਜੋਈ ਪਾਇਆ ਪੱਲਾ।
ਹਾੜਾ ਉਏ ਤੈਨੂੰ ....................

ਤੁੱਲਾਂ ਸਬਰ ਦਾ ਵੇਖ ਪੁਰਾਣਾ, ਨਾ ਕਰ "ਕਾਹਲ" ਜੋਰ ਧਿੰਙਾਣਾ,
ਇੱਕ ਦਿਨ ਦੇਸ਼ ਬੇਗਾਨੇ ਜਾਣਾ, ਕਰਮਾਂ ਦੇਣਾਂ ਉਥੇ ਠੱਲਾਂ।
ਹਾੜਾ ਉਏ ਤੈਨੂੰ ..................

ਜਦ ਜਾਈਏ ਅੱਲਾ ਦੇ ਦਰ 'ਤੇ, ਝੋਲੀ ਨੇਕ ਅਮਲਾਂ ਦੀ ਭਰਕੇ,
ਰਹੀਏ ਸਦਾ ਹੀ ਉਸ ਤੋਂ ਡਰ ਕੇ, ਮਾਰੇ ਖਸਮ ਨਾ ਖੱਲਾ।
ਹਾੜਾ ਉਏ ਤੈਨੂੰ ਕਿੰਜ ਦੱਸੀਏ ...............

✡✡

## ਨੀ ਕਰਕੇ ਪਿੱਠ ਉਹ ਚੱਲਿਆ

ਨੀ ਕਰਕੇ ਪਿੱਠ ਉਹ ਚੱਲਿਆ, ਚੱਲਿਆ ਸੂਹ ਪਿਆਰਾ,
ਸਾਡੇ ਆਖੇ ਲੱਗਦਾ ਨਹੀਉਂ, ਕਰੋ ਨੀ ਸਹੀਉਂ ਚਾਰਾ।
ਸੂਹ ਜੇਡ ਕੋਈ ਨਜ਼ਰ ਨਾ ਆਵੇ, ਹੱਥਾਂ ਪੈਰਾਂ 'ਚੋਂ ਨਿਕਲਦੀ ਜਾਵੇ,
ਕੱੜਕਾਂ ਹੱਡਾਂ ਨੂੰ ਭੋਰ ਕੇ ਖਾਵੇ, ਉਸਦਾ ਵਿਛੋੜਾ ਭਾਰਾ।
ਨੀ ਕਰਕੇ ਪਿੱਠ ਉਹ ........................

ਥੱਡਿਉਂ ਹੀ ਸਾਨੂੰ ਇਹੋ ਸੂਲ ਏ, ਕਰੇਦਾਂ ਅਸਾਂ ਦੇ ਖੂਨ ਕਰੂਲੇ,
ਬੂੰ-ਬੂੰ ਕਰੇਦੀ ਨੂੰ ਪਈਆਂ ਦੰਦਲਾਂ ਜੋੜੀ ਬੈਠਾ ਪਾਰਾ।
ਨੀ ਕਰਕੇ ਪਿੱਠ ਉਹ .....................

ਇਤਵੱਲ ਆਇਆ ਬ੍ਰਿਹੋ ਸੂਕ, ਚੜ ਬਨੇਰੇ ਮਾਰੀ ਕੂੰਕ,
ਸੂਹਾ ਰੰਗ ਨੀ ਹੋਇਆ ਭੂਕ, ਕੁਰਖਤ ਸੁਭਾ ਤੋਂ ਡਰਦੇ ਸਾਰੇ ਦੇਵੇ ਕੌਣ ਸਹਾਰਾ।
ਨੀ ਕਰਕੇ ਪਿੱਠ ਉਹ .....................
ਨੇਹੁੰ ਰੰਡੇਪੇ ਕਟਨੇ ਭਾਰੇ, ਦਰ ਤੇ ਦਰਦ ਫਰਾਕ ਖੁੰਘਾਰੇ,
ਆਤਮ ਵੇਦਨਾ ਸਾਨੂੰ ਸਾੜੇ।
"ਕਾਹਲ" ਫੂਕ-ਫੂਕ ਕਦਮ ਮੈਂ ਰੱਖਦੀ ਹੋ ਨਾ ਜਾਵੇ ਕਾਰਾ,
ਨੀ ਕਰਕੇ ਪਿੱਠ ਉਹ ਚੱਲਿਆ,
ਚੱਲਿਆ ਸੂਹ ਪਿਆਰਾ।

✡✡

## ਨੀ ਮੈਂ ਝੱਲੀ ਹਾਂ

ਈਦ ਨੂੰ ਲੋਕੀ ਚੰਦ ਨੇ ਤੱਕਦੇ ਮੈਂ ਤੱਕਦੀ ਮੁੱਖ ਤੇਰਾ,
ਨੀ ਮੈਂ ਝੱਲੀ ਹਾਂ ਨੀ ਮੈਂ ਝੱਲੀ ਹਾਂ।
ਲੋਕ ਮਸੀਤ ਮੰਦਰ ਨੇ ਜਾਂਦੇ ਕਰਾਂ ਮੈਂ ਸਜ਼ਦਾ ਤੇਰਾ ਨੀ ਨੀ ਮੈਂ ਝੱਲੀ ਹਾਂ ......
ਮੜੀ ਮਸਾਣੀ ਫਿਰਾਂ ਢੂੰਡੇਦੀ ਸਾਈਂ ਦਾ ਦਿਲ ਡੇਰਾ ਨੀ ਮੈਂ ...........
ਜਿਸ ਨੇ ਸੱਪ ਵਿਰਾਗ ਲੜਾਇਆ ਲੱਭੋ ਉਹੀ ਸਪੇਰਾ ਨੀ ਮੈਂ .........
ਪਿਆਸੇ ਦਿੰਦੇ ਝਲਕ ਨੂਰੀ ਦੇ ਮਾਰ ਵੇ ਸੱਜਣਾ ਫੇਰਾ ............
ਰਾਤ ਅਮਾਵਸ ਰੋਸ਼ਨ ਹੋ ਗਈ ਕੀਤਾ ਸਾਈਂ ਸਵੇਰਾ
ਬ੍ਰਿਹੋ ਦੇ ਝੁੰਡ ਆ ਕੇ ਉਤਰੇ ਪਾਇਆ ਪੀੜਾਂ ਘੇਰਾ
ਸ਼ਹੂ ਦਾ ਹੀਰਾ ਅੰਦਰੋਂ ਲੱਧਾ ਹੋ ਗਿਆ ਦੂਰ ਹਨੇਰਾ
"ਕਾਹਲ" ਕੂੰਕਦਾ ਸਬਰ ਨਾ ਆਵੇ ਆਣ ਮਿਲੋ ਇੱਕ ਵੇਰਾ
ਨੀ ਮੈਂ ਝੱਲੀ ਹਾਂ .............

✡✡

## ਅੱਗ ਹਿੱਜਰ ਦੀ ਲੱਗੀ ਸਾਨੂੰ

ਅੱਗ ਹਿੱਜਰ ਦੀ ਲੱਗੀ ਸਾਨੂੰ ਤਨ ਮਨ ਕਰੇ ਸਵਾਹ ਵੇ ਅੜਿਆ
ਆ ਸੱਜਣ ਗਲ ਲੱਗ ਅਸਾਂ ਦੇ ਬੁੱਝੇ ਬ੍ਰਿਹੋ ਭਾਂਹ ਵੇ ਅੜਿਆ,
ਰੁਲ ਗਏ ਲਾਲ ਘੱਟੇ ਵਿੱਚ ਸੁੱਚੇ, ਕਿਕੰਣ ਕੋਈ ਭਾਲੇ ਵੇ,
ਜਿੰਦ ਕਿੰਜ ਕਰਦੀ ਲੇਖਾ ਚੋਖਾ, ਹੋ ਗਏ ਘਾਲੇ ਮਾਲੇ ਵੇ,
ਤ੍ਰਿਪ ਤ੍ਰਿਪ ਕਰਕੇ ਕਿਰਦੇ ਜਾਂਦੇ, ਆਇਆ ਨਹੀਂ ਸ਼ਾਹ ਵੇ ਅੜਿਆ,
ਦੇਹ ਦੀ ਗੇਲੀ ਚੰਦਨ ਮੇਰੀ ਖੁਸ਼ਬੂਆਂ ਪਈ ਵੰਡਦੀ ਵੇ,
ਛੱਜ ਵਿੱਚ ਪਾ ਕੇ ਕਿਸਮਤ ਸਾਨੂੰ ਛੱਡਕ ਵਾਂਗਰ ਛੰਡਦੀ ਵੇ,
ਬਾਝ ਸੱਜਣ ਦੇ ਹੱਡ ਇਹ ਸੁੱਚੇ, ਦੇਵਾਂ ਭੱਠੀ ਡਾਹ ਵੇ ਅੜਿਆ।
ਆਸਾਂ ਵਾਲਾ ਮਹਿਲ ਰੇਤ ਦਾ ਬਰੇਤੀ ਕਿੰਚਰ ਰਹਿੰਦਾ ਵੇ,
ਭਰ ਕਿਨਾਰੇ ਹੌਕੇ ਹਾਵਾਂ ਕੱਪਰ ਦਰਿਆ ਵਹਿੰਦਾ ਵੇ,
ਆਸ ਖੰਮਾਂ ਨੂੰ ਪਈਆਂ ਤ੍ਰੇੜਾਂ ਲੱਗੀ ਕੰਧੀ ਢਾਹ ਵੇ ਅੜਿਆ,
ਉਮਰ ਗਿਰਾਂ ਪਈ ਛਿੰਜ ਸਾਹਾ ਇੱਕ ਆਉਂਦਾ ਇੱਕ ਜਾਂਦਾ ਈ,
ਜਿਸ ਸੁਆਸ ਕੁਝ ਖੱਟ ਕਮਾਇਆ ਉਹੀ ਅੱਗੇ ਖਾਂਦਾ ਈ,
ਉੱਡ ਪੁੱਡ ਜਾਸਣ ਮੋਤੀ ਚੁਗਣੇ ਮੌਤ ਕਰੇਂਦੀ ਠਾਹ ਵੇ ਅੜਿਆ,
ਅੰਨੀ ਮੂਰੀ ਠੇਡੇ ਖਾਵਾਂ ਔਝੜ ਨੂੰ ਜਾਹ ਪਈ ਵੇ,
ਸੁਣ ਅਵਾਜਾਂ ਕੰਬੇ ਕੋਕੜਾ ਦੇਣ ਬਘੇਲੇ ਝਈ ਵੇ,
ਸੋਹਣੇ ਸੱਜਣ ਹੱਥ ਫੜ ਅਸਾਂ ਦਾ ਪਾਈਂ ਸਾਨੂੰ ਰਾਹ ਵੇ ਅੜਿਆ,
ਬਿੰਨ ਤੇਰੇ ਕਿੰਜ ਝੱਟ ਹੁਣ ਲੰਘੇ ਭੋਰਾ ਸਮਝ ਨਾ ਆਉਂਦੀ ਵੇ,
ਯਾਦ ਤੇਰੀ ਚੁੰਢੀ ਵੰਢ ਸਾਨੂੰ ਚੱਤੋ ਪਹਿਰ ਜਗਾਉਂਦੀ ਵੇ,
"ਕਾਹਲ" ਸਿੱਧਾ ਹੋ ਢੁੱਕ ਹੁਣ ਨੇੜੇ ਕਰਨਾਂ ਦੂਰੋ ਝਾਅ ਵੇ ਅੜਿਆ

✡✡

## ਸਾਵਲ ਸਾਡਾ ਰੁੱਸਿਆ

ਸਾਵਲ ਸਾਡਾ ਰੁੱਸਿਆ ਨੀ ਸਹੀਉ ਸਾਵਲ ਸਾਡਾ ਰੁੱਸਿਆ
ਚੁੱਕ ਕੇ ਪਰਦਾ ਰੱਖਦਾ ਉਹਲੇ ਖੁੱਲ ਕੇ ਸਾਡੇ ਨਾਲ ਨਾ ਬੋਲੇ
ਨਾ ਕੋਈ ਆਖੀ ਗੱਲ ਮੈਂ ਮਾੜੀ ਤੋੜੇ ਫਿਰ ਵੀ ਸਾਡੀ ਆੜੀ,
ਦੱਸਦਾ ਨਹੀਂ ਕਸੂਰ ਅਸਾਂ ਦਾ ਭਾਵੇਂ ਲੱਖ ਮੈਂ ਪੁੱਛਿਆ ਨੀ ਸਹੀਉ ........
ਧੰਮੀ ਵੇਲੇ ਮੈਂ ਨੀ ਉੱਠੀ ਹੋ ਗਿਆ ਪੁਨੂੰ ਨੀ ਥੁੱਕ ਮੁੱਠੀ
ਉਸਦੇ ਨਾਲ ਮੈਂ ਕਦੇ ਨਾ ਰੁੱਠੀ ਕਰ ਗਿਆ ਸਹੀਉਂ ਗੱਲ ਅਪੁੱਠੀ
ਜਾਨ ਮੇਰੀ ਨੂੰ ਖਾਵੇ ਹੇਰਵਾ ਨਾਲ ਸਾਡੇ ਕਿਉਂ ਮੁੱਸਿਆ ਨੀ ਸਹੀਉ ......
ਰੋਗ ਅਵੱਲਾ ਲਾਇਆ ਜਾਨੀ, ਮਾਰ ਵਿਛੋੜੇ ਵਾਲੀ ਕਾਨੀ
ਹੋ ਗਈ ਨੀ ਮੈਂ ਹਾਲ ਦੀਵਾਨੀ, ਲੋਕੀ ਕਹਿੰਦਾਂ ਇਹ ਜੱਗ ਫਾਨੀ,
ਵੇਖਾਂ ਉਥੇ ਕੀ ਕੁਝ ਮਿਲਦਾ ਇਥੇ ਤਾਂ ਕੁਝ ਨਾ ਖੁੱਸਿਆ ਨੀ ਸਹੀਉ ......
"ਕਾਹਲ" ਕਸੂਤੇ ਪਿਆ ਕੁਰਾਹੇ, ਮਾਰੇ ਚਾਂਘਾਂ ਕੋਈ ਨਾ ਆਏ
ਫੜ ਕੇ ਛੂਰੀਆਂ ਲੋਟੂ ਧਾਏ ਆਪੇ ਫਾਥੀ ਕੌਣ ਛੁਡਾਏ,
ਉਂਗਲੀ ਫੜ ਕੇ ਆਪੇ ਛੱਡੀ ਰਾਹ ਤੋਂ ਆਪ ਹੀ ਘੁੱਸਿਆ ਨੀ ਸਹੀਉ .....
ਹਿੱਜਰ ਦੀ ਸੀਨੇ ਵੱਜੀ ਭੀੜ ਚੜੋ ਚੜਦੀ ਉੱਠੀ ਪੀੜ,
ਕੱਪੜੇ ਵਾਂਗਰ ਗਈ ਨਪੀੜ ਭੁੰਨੋ ਵਸਲ ਦੀ ਕੋਈ ਹਰੀੜ,
ਤੱਤੇ ਤਾਅ ਕੋਈ ਕਰ ਲਉ ਕਾਰੀ ਅੰਗ ਅੰਗ ਸਾਡਾ ਕੁੱਸਿਆ,
ਨੀ ਸਹੀਉਂ ਸਾਵਲ ਸਾਡਾ ਰੁੱਸਿਆ

✡✡

## ਦੇਸ਼ ਪੀਆ ਦੇ ਚੱਲੀ

ਦੇਸ਼ ਪੀਆ ਦੇ ਚੱਲੀ ਨੀ ਮੈਂ ਦੇਸ਼ ਪੀਆ ਦੇ ਚੱਲੀ
ਲੀੜਾ ਲੱਤਾ ਕਰਾਂ ਇਕੱਠਾ ਸਾਂਭਾਂ ਪੂਣੀ ਛੱਲੀ। ਨੀ ਮੈਂ .............
ਔਝੜ ਰਾਹ ਹਨ ਡਾਢੜੇ ਭੈੜੇ ਸੂਕਣ ਫਨੀਅਰ ਸਾਡੇ ਵਿਹੜੇ,
ਬਾਘ ਬਘੇਲੇ ਪੈਂਦੇ ਖਿਹੜੇ, ਦੱਸਾਂ ਦੁੱਖੜੇ ਕਿਹੜੇ ਕਿਹੜੇ,
ਫਾਥੀ ਜਾਨ ਕੁੱਲਲੀ, ਨੀ ਮੈਂ ਦੇਸ਼ ਪੀਆ ਦੇ ਚੱਲੀ।
ਲੱਗਿਆ ਨੈਹੁੰ ਨਾਲ ਅਮੀਰਾਂ, ਧੂੰਹ ਸੁੱਟੋ ਨੀ ਲੀਰ ਪਲੀਰਾਂ
ਹੁਣ ਨਾ ਰਹਿਣਾ ਵਾਂਗ ਫਕੀਰਾਂ ਘੱਤ ਜਾਵਨ ਨੀ ਦੁੱਖ ਵਹੀਰਾਂ,
ਪਾਉਂਦੀ ਫਿਰਦੀ ਜੱਲੀ, ਨੀ ਮੈਂ ਦੇਸ਼ ਪੀਆ ਦੇ ਚੱਲੀ।
ਆਉ ਨੀ ਸਹੀਉ ਸਭੇ ਆਉ, ਅੰਤਰ ਫੁਲੇਲ ਪਿੰਡੇ 'ਤੇ ਲਾਉ,
ਮਿਲਕੇ ਸਭ ਸੁਹਾਗ ਨੀ ਗਾਉ, ਮੰਗਲ ਸੂਤਰ ਸੁੱਚਾ ਪਾਉ,
ਮੱਚ ਜਾਵੇ ਤੜ ਥੱਲੀ, ਨੀ ਮੈਂ ਦੇਸ਼ ਪੀਆ ਦੇ ਚੱਲੀ।
ਲੱਗਿਆ ਰੋਗ ਹਿੱਜਰ ਦਾ ਭਾਰਾ, ਕਰ ਨਾ ਜਾਵੇ ਕੋਈ ਕਾਰਾ,
ਲਾ ਲਉ ਕੋਈ ਲੱਗਦਾ ਚਾਰਾ, ਸਿਰ ਦਿੱਤਿਆਂ ਜੇ ਮਿਲੇ ਪਿਆਰਾ,
ਕੀਮਤ ਹੋਏ ਸਵੱਲੀ, ਨੀ ਮੈਂ ਦੇਸ਼ ਪੀਆ ਦੇ ਚੱਲੀ।
ਵੇਖ ਲਿਆ ਜਦ ਸ਼ਹੁ ਦਾ ਮੁੱਖ ਲੱਥ ਗਈ ਮੇਰੀ ਸਾਰੀ ਭੁੱਖ,
"ਕਾਹਲ" ਵਿਸਾਰੇ ਹੰਭੇ ਦੁੱਖ ਜਿਤ ਵੱਲ ਦੇਖਾਂ ਸੁੱਖ ਹੀ ਸੁੱਖ,
ਦੋ ਦੀ ਬਣੀ ਇਕੱਲੀ ਨੀ ਮੈਂ ਦੇਸ਼ ਪੀਆ ਦੇ ਚੱਲੀ।

✡✡

## ਕਰ ਆਜਾ ਚੰਨ੍ਹਾਂ ਨੂੰ ਪਾਰ

ਕਰ ਆਜਾ ਚੰਨ੍ਹਾਂ ਨੂੰ ਪਾਰ ਓ ਯਾਰ,
ਤੈਨੂੰ ਪੱਤਨ ਉਡੀਕੇ ਪਿਆਰ ਓ ਯਾਰ,

ਸੋਹਣੀ ਸੂਰਤ ਸੀਰਤ ਮਿੱਠੀ ਵੇ, ਕਿਤੇ ਹੋਰ ਨਾ ਹਾਲੇ ਡਿੱਠੀ ਵੇ,
ਵਾਚੀ ਦਿਲ ਮੇਰੇ ਦੀ ਚਿੱਠੀ ਵੇ, ਕਰਾਂ ਮਿੰਨਤਾਂ ਮੰਨ ਲਈ ਹਾਰ ਓ ਯਾਰ।
ਕਰ ਆਜਾ ਚੰਨ੍ਹਾਂ ਨੂੰ ਪਾਰ ਓ ਯਾਰ ................

ਵੇਖ ਮਨ ਦੀ ਮੈਲ ਹੈ ਕੁੱਚੀ ਮੈਂ, ਗੱਲ ਕਰਦੀ ਸੱਚੀ ਮੁੱਚੀ ਮੈਂ,
ਕਦੀ ਭੁੱਲ ਕੇ ਨਾ ਬੋਲਾਂ ਉੱਚੀ ਮੈਂ, ਦੀਦੇ ਲੋਚਦੇ ਪਏ ਉਰਾਰ ਓ ਯਾਰ।
ਕਰ ਆਜਾ ਚੰਨ੍ਹਾਂ ਨੂੰ ਪਾਰ ਓ ਯਾਰ ..............

ਵਣ ਜੰਡ ਸੂਕਣ ਸੁੰਨੇ ਬੇਲੇ, ਝਈਆਂ ਲੈਂਦੇ ਸ਼ੇਰ ਬਘੇਲੇ,
ਕੱਲ ਮੁਕੱਲੀ ਪਤਨ ਵਿਹਲੇ, ਬਿੰਨ ਤੇਰੇ ਕੌਣ ਗਮਖਾਰ ਓ ਯਾਰ।
ਕਰ ਆਜਾ ਚੰਨ੍ਹਾਂ ਨੂੰ ਪਾਰ ਓ ਯਾਰ ..............

"ਕਾਹਲ" ਕੀਤੇ ਕੌਲ ਕਮਾਵਾਂ ਹੋਰ ਕਿਤੇ ਜੇ ਅੰਗ ਛੁਹਾਵਾਂ,
ਸ਼ਾਲਾ ਦੋਹੀ ਜਹਾਨੀ ਜਾਵਾਂ, ਜਿੰਦ ਬੋਲ ਤੇਰੇ ਤੋਂ ਦੇਵਾਂ ਵਾਰ।
ਕਰ ਆਜਾ ਚੰਨ੍ਹਾਂ ਨੂੰ ਪਾਰ ਓ ਯਾਰ।

✡✡

# ਅੱਜ ਸ਼ਾਹੁ ਹੋਇਆ ਤੇਰੇ ਵੱਲ ਕੁੜੇ

ਅੱਜ ਸ਼ਾਹੁ ਹੋਇਆ ਤੇਰੇ ਵੱਲ ਕੁੜੇ,
ਤੂੰ ਦਿਲ ਦੀ ਕਰ ਲੈ ਗੱਲ ਕੁੜੇ।

ਮਦ ਮਸਤ ਹੋਈ ਸ਼ਹੁ ਵਿੱਚ ਕੁੜੇ, ਤੇਰੀ ਸਾਈਂ ਵੱਲ ਵਧੀ ਖਿੱਚ ਕੁੜੇ,
ਤੂੰ ਸਖੀਆਂ ਸਮਝੇ ਟਿੱਚ ਕੁੜੇ, ਤੈਨੂੰ ਉਸ ਬਿੰਨ ਵੱਜਦੇ ਸੱਲ ਕੁੜੇ।
ਤੂੰ ਦਿਲ ਦੀ ਕਰ ਲੈ ਗੱਲ ....................

ਤੇਰੇ ਸਾਹੇ ਦੇ ਦਿਨ ਪੁੱਗੇ ਨੇ, ਚਾਅ ਦਿਲ ਦੀ ਧਰਤ 'ਤੇ ਉੱਗੇ ਨੇ,
ਤੇਰੇ ਦੂਰ ਸੁਣੀਦੇ ਝੁੱਗੇ ਨੇ, ਤੈਨੂੰ ਜਾਣਾ ਪੈਣਾ ਕੱਲ੍ਹ ਕੁੜੇ।
ਤੂੰ ਦਿਲ ਦੀ ਕਰ ਲੈ ਗੱਲ ....................

ਕੰਗਣ ਕੜੀਆਂ ਛਣਕਾਈ ਜਾਹ, ਕੁੰਚ ਅੜੀਆਂ ਝਾਂਜਰ ਪਾਈ ਜਾਹ,
ਸਿਰ ਸੰਗੀ ਫੁੱਲ ਵੀ ਲਾਈ ਜਾਹ, ਉਡਾਉਂਦੀ ਫੁਲਕਾਰੀ ਚੱਲ ਕੁੜੇ।
ਤੂੰ ਦਿਲ ਦੀ ਕਰ ਲੈ ਗੱਲ ........................

ਤੂੰ ਆਪਣੇ ਆਪ ਨੂੰ ਭੁੱਲੀ ਨੀ, ਤੈਨੂੰ ਵਿਸਰੀ ਗੁੱਲੀ ਜੁੱਲੀ ਨੀ,
ਹੋਈ ਹਸ਼ਰ ਇਹ ਪਿੰਡ 'ਚ ਹੁੱਲੀ ਨੀ, ਲਿਆ ਰਾਹ ਨਵੇਲਾ ਮੱਲ ਕੁੜੇ।
ਤੂੰ ਦਿਲ ਦੀ ਕਰ ਲੈ ਗੱਲ .....................

ਝੱਬ ਸਾਂਭ ਲੈ ਗੁੱਡੀ ਪਟੋਲੇ ਨੀ, ਤੂੰ ਕਿਉਂ ਇਹ ਖੋਲ ਫਰੋਲੇ ਨੀ,
ਉਹ ਉਠੇ ਮੌਤ ਵਰੋਲੇ ਨੀ, ਇਹ ਜਾਸਣ ਸਭ ਸੜ ਬਲ ਕੁੜੇ।
ਤੂੰ ਦਿਲ ਦੀ ਕਰ ਲੈ ਗੱਲ .....................

"ਕਾਹਲ" ਵਰ ਕਾਲ ਦਾ ਢੁੱਕਦਾ ਏ, ਪਿਆ ਜਿੰਦ ਵਹੁਟੀ ਨੂੰ ਚੁੱਕਦਾ ਏ,
ਹੁਣ ਰੋਕਿਆ ਵੀ ਨਹੀਂ ਰੁਕਦਾ ਏ, ਨਾ ਗੁਆ ਅਜ਼ਾਈ ਪੱਲ ਕੁੜੇ।
ਤੂੰ ਦਿਲ ਦੀ ਕਰ ਲੈ ਗੱਲ ਕੁੜੇ,
ਅੱਜ ਸ਼ਾਹੁ ਹੋਇਆ ਤੇਰੇ ਵੱਲ ਕੁੜੇ।

✡✡

## ਮੈਨੂੰ ਆਖੋ ਸਹੀਉਂ ਬੁੱਲ੍ਹਾ

ਮੈਨੂੰ ਆਖੋ ਸਹੀਉਂ ਬੁੱਲ੍ਹਾ, ਨੀ ਮੈਂ ਬੁੱਲ੍ਹੇ ਵਾਂਗੂੰ ਭੁੱਲਾ,
ਨੀ ਮੈਂ ਪੀਰ ਧਿਆਵਾਂ।

ਰੁੱਠਾ ਯਾਰ ਮਨਾਵਾਂ, ਪੈਰੀ ਘੁੰਗਰੂ ਮੈਂ ਪਾਵਾਂ,
ਰਤਾ ਵਿਹੜਾ ਕਰੋ ਖੁੱਲਾ, ਨੀ ਮੈਂ ਬੁੱਲ੍ਹੇ ਵਾਂਗੂੰ ............
ਇਸ਼ਕ ਸਾਡੇ 'ਤੇ ਹੋਇਆ ਭਾਰੂ, ਸਿਰ ਚੜ ਸਾਡੇ ਬੋਲੇ,
ਰੁੱਠੜੇ ਨਾ ਮਰ ਜਾਈਏ ਕਿਧਰੇ, ਦਿਲ ਤੱਤੜੀ ਦਾ ਡੋਲੇ।
ਲਾਹੀ ਸ਼ਰਮ ਦੀ ਲੋਈ ਨੀ ਮੈਂ ਉਸ ਦੀ ਹੋਈ,
ਮੈਨੂੰ ਰੋਕੋ ਨਾ ਨੀ ਕੋਈ, ਜਦ ਭੇਦ ਇਹ ਖੁੱਲਾ,
ਨੀ ਮੈਂ ਬੁੱਲ੍ਹੇ ਵਾਰੀ ਭੁੱਲਾਂ ...............

ਚੱਲ ਦਿਲਾਂ ਚੱਲ ਉਥੇ ਚੱਲੀਏ ਜਿੱਥੇ ਤੇਰੇ ਸਕੇ,
ਉਹੀ ਤੇਰਾ ਮੂਲ ਪਛਾਨਣ ਮੂਲ ਨਾ ਮਾਰਨ ਧੱਕੇ,
ਜੇ ਕੋਈ ਉਹਦੇ ਦਰ ਜਾਵੇ ਝੋਲੀ ਭਰ ਕੇ ਲੈ ਆਵੇ,
ਚਿੱਕੜ ਭਰੇ ਗਲ ਲਾਵੇ, ਐਵੇਂ ਮਤੀ ਦੇਵੇ ਮੁੱਲਾ।
ਨੀ ਮੈਂ ਬੁੱਲ੍ਹੇ ਵਾਂਗੂੰ ਭੁੱਲਾਂ .............

ਦਰ ਦਰ ਦੀਆਂ ਦੁਰਕਾਰਾਂ ਨਾਲੋਂ, ਇੱਕ ਦੇ ਬਹਿ ਜਾਹ ਬੂਹੇ,
"ਕਾਹਲ" ਕਾਲੇ ਭਗਵੇ ਛੱਡ ਦੇ ਛੱਡ ਦੇ ਸਾਵੇ ਸੂਹੇ,
ਨੀ ਮੈਂ ਇਸ਼ਕ ਦੀ ਡੰਗੀ, ਨੀ ਮੈਂ ਸੂਹ ਨਾਲ ਮੰਗੀ,
ਉਹਦੇ ਰੰਗ ਵਿੱਚ ਰੰਗੀ, ਕੱਤ ਪਾਵਾਂ ਲੀ ਮੈਂ ਠੁੱਲਾ।
ਮੈਨੂੰ ਆਖੋ ਸਹੀਉਂ ਨੀ ਬੁੱਲ੍ਹਾ .............

✡✡

# ਦਿਲ ਕਿਆਰੇ ਸੁੱਕੇ

ਸਾਡੇ ਦਿਲ ਦੇ ਕਿਆਰੇ ਵੇਖੋ ਸੁੱਕੇ ਦੇ ਸੁੱਕੇ,
ਨੱਕੇ ਦੀਦ ਦੇ ਮੋੜ ਸਾਈਂ ਹੋਰਾਂ ਵੱਲ ਟੁੱਕੇ,
ਰਿਸ਼ਤੇਦਾਰਾਂ ਦੇ ਸ਼ਾਦੀ ਨਿਉਂਦਾ ਭੇਜਿਆ ਬੁੱਲ੍ਹੇ,
ਘਰ ਸਯੱਦ ਅਰਾਈ ਤਾਲਬ ਦੇਖਿਓ ਭੁੱਲੇ,
ਲਿਬਾਸ ਪਾਇਆ ਫਕੀਰੀ ਖਾਤਰਦਾਰੀ ਤੋਂ ਉੱਕੇ।
ਸਾਡੇ ਦਿਲ ਦੇ ਕਿਆਰੇ .............

ਅੱਜ ਹਿੱਜਰਾਂ ਦੀ ਭਾਂਹ ਮੈਡੇ ਸੀਨੇ 'ਚ ਭੜਕੀ,
ਕਾਲੀ ਬ੍ਰਿਹੋ ਦੀ ਬੱਦਲੀ ਸਾਡੇ ਸਿਰ ਉੱਤੇ ਕੜਕੀ,
ਚੰਦਰਾ ਦੁੱਖਾਂ ਵਾਲਾ ਸ਼ੀਹ ਸਾਨੂੰ ਵੇਖ ਵੇਖ ਬੁੱਕੇ।
ਸਾਡੇ ਦਿਲ ਦੇ ਕਿਆਰੇ ...............

ਮੇਰੇ ਚਾਅ ਅਤੇ ਹਾਸੇ ਕਿਸੇ ਚੋਰ ਨੇ ਚੁਰਾਏ,
ਨਾ ਕੋਈ ਖੁਰਾ ਨਾ ਸਾਟੂ ਸਾਨੂੰ ਸਮਝ ਨਾ ਆਏ,
ਸਾਡੇ ਹਾਸਿਆਂ ਦੇ ਵੈਰੀ ਸਾਡੀ ਪਿੱਠ ਪਿੱਛੇ ਲੁੱਕੇ।
ਸਾਡੇ ਦਿਲ ਦੇ ਕਿਆਰੇ ...............

ਮੈਨੂੰ ਬਖਸ਼ ਮੈਨੂੰ ਬਖਸ਼ ਵੇ ਮੈਂ ਖਟਕਦਾ ਧਰੋਹੀਆਂ,
ਮੈਂ ਨੈਣਾਂ ਦੀਆਂ ਜੋਗਾਂ, ਤੇਰੇ ਦਰ ਖੂਹੇ ਜੋਈਆਂ,
ਤੁਧ ਬਾਂਝ ਨਾ ਦਰਦੀ ਜਿਹੜਾ ਭੁੱਲ ਚੁੱਕ ਚੁੱਕੇ।
ਸਾਡੇ ਦਿਲ ਦੇ ਕਿਆਰੇ .............

ਮੇਰੇ ਬਹਾਰ ਦੇ ਨਜ਼ਾਰਿਆਂ 'ਤੇ ਪੱਤਝੜ ਆਈ,
ਅਸੀਂ ਲੁੱਟੇ ਲੋਕੋ ਲੁੱਟੇ "ਕਾਹਲ" ਪਾਵੇ ਓ ਦੁਹਾਈ,
ਸ਼ਾਹ ਅਨਾਇਤ ਦੇ ਬਾਝੋਂ ਅਸੀਂ ਜਿਉਂਦੇ ਹੀ ਮੁੱਕੇ।
ਸਾਡੇ ਦਿਲ ਦੇ ਕਿਆਰੇ ਵੇਖੋ ਸੁੱਕੇ ਹੀ ਸੁੱਕੇ
ਨੱਕੇ ਦੀਦ ਦੇ ਮੋੜ ਸਾਈਂ ਹੋਰਾਂ ਵੱਲ ਟੁੱਕੇ।

✡✡

# ਮੇਰਾ ਮਾਹੀ ਘਰ ਆਇਆ

ਮੇਰਾ ਮਾਹੀ ਘਰ ਆਇਆ ਹੋ ਲਾਲ ਜੀ,

ਰੱਤਾ ਪਲੰਘ ਵਿਛਾਇਆ ਹੋ ਲਾਲ ਜੀ,
ਭਾਗ ਸੁੱਤੇ ਜਾਗੇ ਮੇਰੇ ਜਾਵਾਂ ਬਲਿ ਬਲਿ ਤੇਰੇ,
ਹਾਸੇ ਫੁੱਲਾਂ ਨੇ ਬਿਖੇਰੇ ਮੇਰੇ ਤਨ ਮਨ ਹੋਇਆ ਨੂਰ ਨੀ,
ਦਿਲ ਗਿਆ ਰੁਸ਼ਨਾਇਆ ਹੋ ਲਾਲ ਜੀ ਮੇਰਾ ਮਾਹੀ ............
ਗਮਗੀਨ ਸੀ ਨਿਰਾਸ਼ੇ ਰੁੱਸੇ ਬੁੱਲੀਆਂ 'ਚੋਂ ਹਾਸੇ,
ਹੁਣ ਜਾਈਏ ਕਿਸ ਪਾਸੇ ਹੋਇਆ ਭਰਮ ਭੁਲੇਖਾ ਦੂਰ ਨੀ,
ਉਸ ਗਲ ਨਾਲ ਲਾਇਆ ਹੋ ਲਾਲ ਜੀ ਮੇਰਾ ............
ਰੋਸੇ ਸ਼ਿਕਵੇ ਨੇ ਨੱਸੇ ਬੱਦਲ ਵੱਸਲ ਵੱਸੇ,
ਅਸੀਂ ਖਿੜ ਖਿੜ ਹੱਸੇ ਹੋਏ ਸਾਰੇ ਮੁਆਫ ਕਸੂਰ ਨੀ,
ਅਸੀਂ ਰਾਂਝਾ ਵਰ ਪਾਇਆ ਹੋ ਲਾਲ ਜੀ ਮੇਰਾ ਮਾਹੀ ..........
ਮਾਰੇ ਦਿਲ ਨੀ ਉਛੱਲਾਂ ਬੰਨ ਸਬਰ ਪਾ ਠੱਲਾਂ,
ਹੋਈਆਂ ਮਿੱਠੀਆਂ ਨੇ ਗੱਲਾਂ ਹੁਣ ਕਦੇ ਨਾ ਹੋਈਏ ਦੂਰ ਨੀ,
ਹਾਰ ਬਾਹਾਂ ਨੇ ਬਣਾਇਆ ਹੋ ਲਾਲ ਜੀ ਮੇਰਾ ਮਾਹੀ,
ਮੈਨੂੰ ਦਿਉ ਨੀ ਵਧਾਈ ਬਾਗੇ ਖੁਸ਼ੀ ਸਾਡੇ ਆਈ,
ਸਾਥੋਂ ਜਾਂਦੀ ਨਾ ਸਮਾਈ "ਕਾਹਲ" ਹੋਏ ਅਨੰਦ ਭਰਪੂਰ ਨੀ,
ਉਸ ਮੁੱਖ ਨੂੰ ਛੁਹਾਇਆ।
ਮੇਰਾ ਮਾਹੀ ਘਰ ਆਇਆ ...................

✡✡

## ਲੋਕ ਗੀਤ

ਚੰਨਾ ਪਾਲੋ ਪਾਲ ਸਾਡੇ ਕੋਠੜੇ,
ਬੂਟਾ ਅੰਬੀ ਲੱਗਾ ਵਿਚਕਾਰ ਵੇ,
ਤੰਦ ਨਾਉਂ ਤੇਰੇ ਪਾਂਵਦੀ, ਰਤਾ ਆ ਕੇ ਝਾਤੀ ਮਾਰ ਵੇ।
ਚੰਨਾ ਪਾਲੋ ਪਾਲ ਵੇ ...............

ਬੂਰ ਅੰਬੀ 'ਤੇ ਆ ਗਿਆ, ਵੇਖ ਬੂਟੇ ਮਹਿਕ ਖਲੇਰੀ ਵੇ,
ਮੇਰਾ ਚਿੱਤ ਨਾ ਲੱਗੇ ਕਸੀਦੜੇ, ਮੈਡੇ ਸੀਨੇ ਸਿੱਕ ਘਨੇਰੀ ਵੇ,
ਮਨ ਉੱਡੂ-ਉੱਡੂ ਮੇਰਾ ਕਰ ਰਿਹਾ, ਦਿਲ ਲੋਚੇ ਦੀਦ ਦੀਦਾਰ ਵੇ।
ਚੰਨਾ ਪਾਲੋ ਪਾਲ ਵੇ ................

ਸਾਡੇ ਵਿਹੜੇ ਵਿੱਚ ਬਗੀਚੜੀ, ਕਦੀ ਆ ਬਹਿ ਮੈਡੇ ਕੋਲ ਵੇ,
ਵਿਰਾਗ ਪ੍ਰੀਤ ਭਰਿਆ ਫੁੱਟ ਪਿਆ, ਤੂੰ ਦੁੱਖ ਸੁਖ ਆਣ ਫਰੋਲ ਵੇ,
ਮੈਨੂੰ ਸਖੀਆਂ ਤਾਹਨੇ ਦਿੰਦੀਆਂ, ਸੁਣ ਰੋਂਦਾਂ ਮੇਰਾ ਪਿਆਰ ਵੇ।
ਚੰਨਾ ਪਾਲੋ ਪਾਲ ਵੇ ...................

ਮੈਂ ਨਿੱਕੀ ਸੂਈ ਪੱਟ ਕੱਢਦੀ, ਮੇਰਾ ਖਿੰਡ ਪੁੰਡ ਗਿਆ ਖਿਆਲ ਵੇ,
ਨਾਜ਼ੁਕ ਪੋਟੇ ਵਿੰਨ ਵਿੰਨ ਜਾਂਵਦੀ, ਸਾਡੇ ਡਾਹਢੇ ਮੰਦੜੇ ਹਾਲ ਵੇ,
ਕਿੰਜ ਬਾਗ ਘੁੰਘਟ ਪਾ ਲਵਾਂ, ਸਾਡਾ ਗਮ ਨਾ ਬਣੇ ਗਮਖ਼ਾਰ ਵੇ,
ਚੰਨਾ ਪਾਲੋ ਪਾਲ ਵੇ ...................

ਸਾਡੇ ਦਿਲ ਵਿਹੜੇ ਝੰਗੀ ਆਸ ਦੀ, ਵਿੱਚ ਜਿੰਦੂ ਕੋਇਲ ਕੂੰਕਦੀ,
"ਕਾਹਲ" ਲੈ ਕੇ ਆੜਾ ਵਸਲ ਦੀਆਂ, ਚਲਾਈ ਬ੍ਰਿਹੋ ਕਾਨੀ ਸ਼ੂੰਕਦੀ,
ਅਸੀਂ ਬੈਠੇ ਰਹੇ ਅਨਵੇਸਲੇ, ਸਾਨੂੰ ਵਿੰਨ੍ਹ ਗਿਆ ਇਤਬਾਰ ਵੇ।
ਚੰਨਾ ਪਾਲੋ ਪਾਲ ਸਾਡੇ ਕੋਠੜੇ, ਬੂਰ ਅੰਬੀ ਲੱਗਾ ਵਿਚਕਾਰ ਵੇ।

✡✡

## ਲੋਕ ਗੀਤ

ਸੁੱਕਾ ਪੱਤ ਪਿੱਪਲੀ ਦਾ ਡੋਲਦਾ, ਕਾਲਾ ਕਾਂ ਬਨੇਰੇ ਬੋਲਦਾ,
ਨੀ ਸੱਸੇ ਕਾਂਗ ਉੱਡਾਈ, ਮੈਂਹਢਾ ਢੋਲ ਵੱਸੇ ਪ੍ਰਦੇਸ ਨੀ ਸੱਸੇ ਢੋਲ ਬੁਲਾਈਂ,
ਉੱਡੀ ਉੱਡੀ ਵੇ ਕਾਲਿਆ ਕਾਂਵਾ ਵੇ, ਤੈਨੂੰ ਕੁੱਟ ਕੁੱਟ ਚੂਰੀਆਂ ਪਾਵਾਂ ਵੇ,
ਕਾਂ ਖਾਂਦਾ ਨਾਹੀਂ ਸੁਣ ਨੀ ਨੂੰਹੇਂ ਭੋਲੀਏ ਨੀ ਕਾਂ ਜਾਂਦਾ ਨਾਹੀਂ,
ਸੁੱਕਾ ਪੱਤ ਪਿੱਪਲੀ ਦਾ ਡੋਲਦਾ, ਪਿਆ ਕਾਂਗ ਬਨੇਰੇ ਬੋਲਦਾ,

ਨੀ ਨਨਦੇ ਕਾਂਗ ਉੱਡਾਈ ਮੇਰਾ ਕੰਤ ਵੱਸੇ ਪ੍ਰਦੇਸ ਨੀ ਕੰਤ ਬੁਲਾਈਂ,
ਉੱਡੀ ਉੱਡੀ ਵੇ ਕਾਲਿਆ ਕਾਂਵਾ ਵੇ ਤੈਨੂੰ ਕੁੱਟ ਕੁੱਅ ਚੂਰੀਆਂ ਪਾਵਾਂ,
ਕਾਂ ਖਾਂਦਾ ਨਾਹੀਂ ਸੁਣ ਭਾਭੋੜੀ ਮੇਰੀਏ ਕਾਂ ਜਾਂਦਾ ਨਾਹੀਂ,
ਸੁੱਕਾ ਪੱਤ ਪਿੱਪਲੀ ਦਾ ਡੋਲਦਾ, ਪਿਆ ਕਾਂਗ ਬਨੇਰੇ ਬੋਲਦਾ,

ਨੀ ਜਠੇਈ ਕਾਂਗ ਉੱਡਾਈ ਮੇਰਾ ਢੋਲ ਵੱਸੇ ਪ੍ਰਦੇਸ ਨੀ ਜਠਾਣੀ ਢੋਲ ਬੁਲਾਈਂ,
ਉੱਡੀ ਉੱਡੀ ਵੇ ਕਾਲਿਆ ਕਾਂਵਾ ਵੇ ਤੈਨੂੰ ਕੁੱਟ ਕੁੱਟ ਚੂਰੀਆਂ ਪਾਵਾਂ ਵੇ,
ਕਾਂ ਖਾਂਦਾ ਨਾਹੀਂ ਸੁਣ ਨੀ ਦਰਾਣੀ ਮੇਰੀਏ ਕਾਂ ਜਾਂਦਾ ਨਾਹੀਂ,
ਸੁੱਕਾ ਪੱਤ ਪਿੱਪਲੀ ਦਾ ਡੋਲਦਾ, ਪਿਆ ਕਾਂਗ ਬਨੇਰੇ ਬੋਲਦਾ।

ਨੀ ਮੈਂ ਕਾਂਗ ਉੱਡਾਵਾਂ ਮੇਰਾ ਮਾਹੀ ਵੱਸੇ ਪ੍ਰਦੇਸ ਨੀ ਮੈਂ ਮਾਹੀ ਬੁਲਾਵਾਂ,
ਉੱਡੀ ਉੱਡੀ ਵੇ ਕਾਲਿਆਂ ਕਾਵਾਂ ਵੇ ਤੈਨੂੰ ਕੁੱਟ ਕੁੱਟ ਚੂਰੀਆਂ ਪਾਵਾਂ ਵੇ,
ਕਾਂ ਝੰਬ ਨੀ ਖਾ ਗਿਆ, ਉੱਡ ਢੋਲੇ ਵਾਲੇ ਰਾਹ ਗਿਆ,
ਮਾਹੀ ਛੁੱਟੀ ਲੈ ਕੇ ਆ ਗਿਆ, ਮੈਹਢਾ ਸੋਹਣਾ ਸੁੰਦਰ ਦੇਸ਼ ਨੀ
ਮੈਂ ਫੂਕ ਸੁੱਟਾਂ ਪ੍ਰਦੇਸ ਨੀ, ਮਾਹੀ ਮਿੱਠੜਾ ਮਿੱਠੜਾ ਬੋਲਦਾ,
ਨਾ ਪੱਤ ਪਿੱਪਲੀ ਦਾ ਡੋਲਦਾ ਨਾ ਕਾਂਗ ਬਨੇਰੇ ਬੋਲਦਾ।
ਮੈਂ ਵਾਰੀ ਵੇ ਢੋਲਾ।

✡✡

## ਸੰਮੀ

ਓ ਢੋਲਾ ਮੈਂਡਾ ਯਾਰ ਸੰਮੀ ਢੋਲੇ 'ਤ ਵਾਰੀ ਵੇ ਲੋਕਾ
ਓ ਮੰਨੀ ਸੰਮੀ ਹਾਰ ਆਣ ਮਿਲੀ ਇੱਕ ਵਾਰੀ ਵੇ ਢੋਲਾ
ਫੂਕ ਸ਼ਿੰਗਾਰੀ ਉਹ ਗਿਆ, ਮਾਹੀ ਕਾਂਘਾ ਕੱਪਰ ਚੀਰਦਾ,
ਦਰਿਆ ਪਿਆ ਗੱਲ੍ਹ ਮਾਰਦਾ, ਸਾਨੂੰ ਖੌਫ਼ ਖਾਂਦਾ ਨੀਰ ਦਾ,
ਮਾਹੀਏ ਮੰਨੀ ਇੱਕ ਨਾਹੀਂ, ਅਸਾਂ ਸੌ ਸੌ ਅਰਜ਼ ਗੁਜ਼ਾਰੀ ਵੇ ਲੋਕਾ
ਓ ਢੋਲਾ ਮੈਡਾਂ ਯਾਰ .............................

ਸੰਮੀ ਸੁੱਕ ਕੇ ਹੋ ਗਈ ਤੀਲੜਾ, ਤੂੰ ਲਾਈ ਵਿਯੋਗੀ ਜੋਕ ਵੇ,
ਅੱਜ ਵੇਖ ਖੱਮਾਂ ਨੇ ਖਾ ਲਈ, ਮੇਰੀ ਕੰਧੀ ਵੰਸਦੀ ਝੋਕ ਵੇ,
ਦਿਨ ਛੁੱਪੇ ਪੱਖੂ ਉੱਡ ਗਏ, ਮੈਂ ਨਾ ਉੱਡਣ ਹਾਰੀ ਵੇ ਲੋਕਾ।
ਓ ਢੋਲਾ ਮੈਡਾ ਯਾਰ ਸੰਮੀ ....................

ਸ਼ੀਹਾਂ ਪੱਤਣ ਮੱਲ ਲਏ, ਤੇ ਬਾਘ ਮਰੇਂਦੇ ਭੂੱਟੀਆਂ
ਸਾਹਾਂ ਦਾ ਤਕਲਾ ਡੋਲਦਾ ਮੈਂ ਕਿੰਕਰ ਕੱਤ ਲਾ ਜੁੱਟੀਆਂ
ਰੈਣ ਭਿੰਨੜੀ ਤਾਰੇ ਘੂਰਦੇ ਝੱਖੜ ਝੱਲਦੇ ਭਾਰੀ ਵੇ ਲੋਕਾ।
ਓ ਢੋਲਾ ਮੈਡਾ ਯਾਰ ....................

ਸੰਮੀ ਨਹਾਂ ਧੋ ਲਿਸ਼ਕੀ ਪੁੱਸ਼ਕੀ ਵੇ, ਮੈਹਢੇ ਚਿਹਰੇ ਆਇਆ ਨੂਰ ਢੋਲਾ
ਵੇਖ ਜੁਲਫੀਂ ਬਾਰੀਆਂ ਪਾ ਲਈਆਂ ਕਿਉਂ ਵੱਤਦਾ ਸਾਥੋਂ ਦੂਰ ਢੋਲਾ
ਮੈਹਢੇ ਹੁਸਨ ਦੀ ਅੰਬੀ ਪੱਕ ਪਈ ਲੱਗਦੀ ਲੋਕ ਪਿਆਰੀ ਵੇ ਢੋਲਾ
ਓ ਢੋਲਾ ਮੈਡਾ ਯਾਰ ....................

ਸੰਮੀ ਰੰਗਲਾ ਪਲੰਘ ਵਿਛਾ ਦਿੱਤਾ ਤੂੰ ਸੁਣ ਸੰਮੀ ਦੇ ਢੋਲ ਵੇ
ਅਸੀਂ ਦੁੱਖ ਸੁਖ ਦਿਲ ਦਾ ਕਰ ਲਈਏ ਰਤਾ ਆ ਬਹਿ ਸਾਡੇ ਕੋਲ ਵੇ
ਸਾਨੂੰ ਬਿਰਹੋ ਕਾਂਗ ਤਰੁੰਡਦਾ "ਕਾਹਲ" ਕਰੇ ਕੋਈ ਕਾਰੀ ਵੇ ਲੋਕਾ
ਓ ਢੋਲਾ ਮੈਡਾਂ ਯਾਰ ਸੰਮੀ ਢੋਲੇ 'ਤੇ ਵਾਰੀ ਵੇ ਲੋਕਾ

✡✡

## ਲੋਕੀ ਮੈਨੂੰ ਕਹਿੰਦਾ ਕੋਝੀ

ਲੋਕੀਂ ਮੈਨੂੰ ਕਹਿੰਦਾ ਕੋਝੀ, ਲੈ ਜਾਹ ਆ ਕੇ ਸਾਡੀ ਸੋਝੀ
ਸ਼ਹੁ ਸੰਗ ਪਾਈ ਪ੍ਰੀਤ ਵੇ, ਮੈਂ ਤੁਧ ਨਾਲ ਫੱਬਦੀ
ਸੀਨੇ ਲਾ ਲਏ ਮੀਤ ਵੇ।

ਗਲੀ ਯਾਰ ਦੀ ਜੇਕਰ ਜਾਈਏ, ਤਲੀ 'ਤੇ ਪਹਿਲਾਂ ਸੀਸ ਟਿਕਾਈਏ,
ਇੱਕ ਨੁਕਤੇ 'ਤੇ ਗਲ ਮੁਕਾਈਏ, ਏਹੀ ਪ੍ਰੀਤ ਦੀ ਰੀਤ ਵੇ।
ਮੈਂ ਤੁੱਧ ਨਾਲ ਫੱਬਦੀ .....................

ਕੁਰਾਨ ਕਤੇਬਾਂ ਪੜ੍ਹ ਪੜ੍ਹ ਅੱਕਿਆ, ਬਾਂਗਾਂ ਦੇ ਦੇ ਮੁੱਲਾਂ ਥੱਕਿਆ,
ਮਨ ਤੋਂ ਪਰਦਾ ਕਿਸੇ ਨਾ ਚੱਕਿਆ, ਖੋਟ ਰੱਖਣ ਵਿੱਚ ਨੀਤ ਵੇ
ਮੈਂ ਤੁੱਧ ਨਾਲ ਫੱਬਦੀ ....................

ਕਾਸ਼ੀ ਵੇਖੀ ਵੇਖਿਆ ਮੱਕਾ, ਅੰਤ ਵੇਲੇ ਬਣੇ ਕੋਈ ਨਾ ਸਕਾ,
ਸੰਗੀ ਸਾਥੀ ਸਿਮਰਨ ਪੱਕਾ, ਪਲ ਪਲ ਚੱਲੀ ਬੀਤ ਵੇ
ਮੈਂ ਤੁੱਧ ਨਾਲ ਫੱਬਦੀ ....................

ਕੋਝੀ ਕਹੋ ਚਾਹੇ ਦੂਰ ਫਿੱਟੇ, ਮਨ 'ਤੇ ਮਾਰਾ ਨੂਰ ਦੇ ਛਿੱਟੇ,
ਲਾਲੀ ਚੜ੍ਹ ਜਾਏ ਗਿੱਟੇ ਗਿੱਟੇ, ਗੋਬਿੰਦ ਗਾਵਾਂ ਗੀਤ ਵੇ।
ਮੈਂ ਤੁੱਧ ਨਾਲ ਫੱਬਦੀ ..................

"ਕਾਹਲ" ਕਰੀ ਜਾਹ ਅੱਲਾ ਹੱਲਾ, ਉਸਦੇ ਰੰਗ ਵਿੱਚ ਹੋ ਜਾਹ ਝੱਲਾ,
ਇੱਕ ਸਾਈਂ ਦਾ ਫੜ ਬੱਸ ਪੱਲਾ ਠੱਕਾ ਚੱਲੇ ਚਾਹੇ ਸੀਤ ਵੇ।
ਮੈਂ ਤੁੱਧ ਨਾਲ ਫੱਬਦੀ ਸੀਨੇ ਲਾ ਲਏ ਮੀਤ ਵੇ
ਲੋਕੀ ਮੈਨੂੰ ਕਹਿੰਦਾ ਕੋਝੀ, ਲੈ ਜਾਹ ਆ ਕੇ ਸਾਡੀ ਸੋਝੀ।

## ਜਿੱਤ ਦੇਖਾਂ ਤਿੱਤ ਤੂੰ

ਮਰ ਗਈ ਮੈਅ ਮੈਅ ਮੁੱਕ ਗਈ ਟੈਅ ਟੈਅ,
ਜਿੱਤ ਦੇਖਾਂ ਤਿੱਤ ਤੂੰ ਸੋਹਣਿਆ, ਜਿੱਤ ਦੇਖਾਂ ਤਿੱਤ ਤੂੰ,
ਪੂਣੀ ਐਵੇਂ ਮਾਣ ਕਰੇਂਦੀ, ਤਾਣਾ ਪੇਟਾ ਰੂੰ,
ਜਿਸਮ ਮੇਰੇ ਦੀ ਰੰਗਲੀ ਚਰਖੀ, ਹਰ ਗੇੜੇ ਸੋਹ ਹੱਸੇ,
ਤੱਕਲਾ ਬੈੜ ਤੇ ਮੁੰਨਾਂ ਹੱਥਾਂ ਹਰ ਸ਼ੀਸ਼ੇ ਸੋਹ ਵੱਸੇ,
ਟੁੱਟੀ ਮਾਲ ਸਾਹਾਂ ਦੀ ਜਿਸ ਪਲ ਫਿਰ ਨਹੀਂ ਕਰਦੀ ਘੂੰ ਘੂੰ,
ਪੂਣੀ ਐਵੇਂ ਮਾਣ ਕਰੇਂਦੀ ਤਾਣਾ ਪੇਟਾਂ ਰੂੰ .............

ਲਾ ਅਨਮੁੱਲੇ ਅੰਗ ਪ੍ਰੀਤਮ ਸੰਦਲੀ ਦੇਹ ਸ਼ਿੰਗਾਰੀ,
ਲੂੰ ਲੂੰ ਦੇ ਵਿੱਚ ਮੁਰਸ਼ਦ ਵੱਸਦਾ, ਜਾਵਾਂ ਮੈਂ ਬਲਿਹਾਰੀ,
ਇੱਕ ਸਾਹ ਬਾਝੋਂ ਧਰਨ ਚਿਖਾ 'ਤੇ ਉੱਡਦਾ ਦਿੱਸੇ ਧੂੰ,
ਜਿਤ ਦੇਖਾਂ ਤਿੱਤ ਤੂੰ ................

ਜਰੇ ਜਰੇ ਵਿੱਚ ਤੇਰੇ ਦਿਸਦੇ ਸੁੰਦਰ ਅਜਬ ਨਜ਼ਾਰੇ,
ਪਲ ਦੀ ਖਬਰ ਕਿਸੇ ਨੂੰ ਨਾਹੀਂ ਹੁਕਮ ਅੰਦਰ ਹਨ ਸਾਰੇ,
ਬਾਜ ਮੌਤ ਦੇ ਜਿਸ ਵੇਲੇ ਪੈਂਦੇ, ਕਰਨ ਨਾ ਚੂਚੇ ਚੂੰ,
ਜਿਤ ਦੇਖਾਂ ਤਿੱਤ ਤੂੰ ...............

ਸਾਹੇ ਦੇ ਦਿਨ ਜਿਸ ਵੇਲੇ ਪੁੱਗੇ, ਕਿਸੇ ਨਾ ਦੇਣੀ ਠੱਲੀ,
ਇਕਨਾਂ ਦੇ ਮਨ ਚਾਓ ਘਨੇਰਾ ਇਕ ਰੋਂਦੀ ਡੋਲੇ ਚੱਲੀ,
"ਕਾਹਲ" ਕਹਾਰ ਲੈ ਚੱਲੇ ਜਬਰੀ ਲੱਖ ਕਰੇਂ ਜਿੰਦ ਊਂਅ,
ਜਿਤ ਦੇਖਾਂ ਤਿੱਤ ਤੂੰ ਸੋਹਣਿਆਂ ਜਿਤ ਦੇਖਾਂ ਤਿੱਤ ਤੂੰ ......

## ਮੈਨੂੰ ਰਾਂਝਾ ਲੈ ਦੇ ਗੱਲ ਮੇਰੀ ਨਾ ਮੋੜ ਨੀ

ਧਿੰਗ ਧਿੰਗਾਣੇ ਨਾ ਝੁੱਗਾ ਮਾਓ ਮੂਲ ਵੱਸੇ ਤੇ ਮੈਨੂੰ ਸੈਦਾ ਨਾ,
ਉੱਕਾ ਹੀ ਭਾਵਦਾ ਈ, ਦੋ ਜਹਾਨਾਂ 'ਚੋਂ ਉਸ ਨੂੰ ਪੈਣ ਫਿੱਟੂ,
ਤੇ ਲਾਂਬੂ ਵੱਸਦੀ ਝੋਕ ਜੋ ਲਾਂਵਦਾ ਈ,
ਮਾਏ ਨੀ ਸੁਣ ਅਰਜ ਤੂੰ ਮੇਰੀ ਅਰਜ ਕਰਾਂ ਹੱਥ ਜੋੜ ਨੀ,
ਵਰ ਰਾਂਝਾ ਲੈ ਦੇ ਗੱਲ ਮੇਰੀ ਨਾ ਮੋੜ ਨੀ,
ਹੜ੍ਹ ਪ੍ਰੀਤ ਦਾ ਮਾਰੇ ਠਾਠਾਂ, ਚਾਂਕ ਨਾ ਆਖੀ ਮਾਏ ਨੀ ਰਾਠਾ,
ਤਖ਼ਤ ਹਜ਼ਾਰੇ ਨਾਂ ਸੌੜ ਨੀ, ਮੈਨੂੰ ਰਾਝਾਂ ਲੈ ਦੇ ...........

ਰਾਂਝੇ ਬਿਨ ਮੈਂ ਸਦਾ ਈ ਊਣੀ, ਸੇਰ 'ਚੋਂ ਕੱਤੀ ਅਜੇ ਨਾ ਪੂਣੀ,
ਲੋਕ ਕਰਨ ਝੁੱਗਾ ਚੌੜ ਨੀ, ਮਾਏ ਰਾਂਝਾ ਲੈ ਦੇ ..............
ਕਰਕੇ ਸੁੱਖਣ ਕਰਾਂ ਦਿਲ ਭੀੜੇ, ਸ਼ਾਲਾ ਪੈਣ ਜਿਸਮ ਤਾਈਂ ਕੀੜੇ,
ਕੌਲ ਪੁਗਾਵਾਂ ਗੀ ਤੋੜ ਨੀ,
ਰਾਂਝਾ ਵਰ ਲੈ ਦੇ .....................

ਦੁੱਖ ਸੁਖ ਸਾਡੇ ਹੋ ਗਏ ਸਾਂਝੇ, ਰਾਂਝਾ ਮੈਂ ਵਿੱਚ ਮੈਂ ਵਿੱਚ ਰਾਂਝੇ,
ਨਿਹੁੰ ਲਿਆ ਜੋਰੀ ਜੋੜ ਨੀ,
ਮੈਨੂੰ ਰਾਂਝਾ ਲੈ ਦੇ ..............

ਸੋਹਣੇ ਵੱਲ ਲੋਕੋ ਅਸੀਂ ਚੱਲੇ, ਬੰਨ ਪ੍ਰੀਤ ਦੇ ਧੱਰਮ ਓ ਪੱਲੇ,
ਇਸ਼ਕ ਬੇੜੀ ਦਿੱਤੀ ਰੋੜ ਨੀ,
ਮੈਨੂੰ ਰਾਂਝਾ ਲੈ ਦੇ ...............

ਮੇਰੇ ਲਈ ਉਸ ਮੰਗੂ ਚਾਰੇ, ਗਵਾਹ ਮੇਰੇ ਹਨ ਚੰਨ ਤੇ ਤਾਰੇ,
ਕਿੰਜ ਲਵਾਂ ਮੁੱਖ ਮੋੜ ਨੀ,
ਵਰ ਰਾਂਝਾ ਲੈ ਦੇ ................

ਉੱਠਿਆ ਤੂਫਾਨ "ਕਾਹਲ" ਨਾ ਥੰਮੇ ਦੂਜੀ ਵਾਰ ਮਾਏ ਕੋਈ ਨਾ ਜੰਮੇ,
ਸਿਰ ਕੱਪ ਹੋਈ ਅਮੌੜਨੀ
ਮੈਨੂੰ ਰਾਂਝਾ ਲੈ ਦੇ ਗੱਲ ਮੇਰੀ ਨਾ ਮੋੜ ਨੀ।

## ਢੋਲਣ ਸਾਡਾ ਆਇਆ

ਕੁੰਗ ਕਟੋਰੀ ਘੋਲ ਕੇ ਕੇਸਰ, ਚੰਦਰ ਪੀੜ੍ਹਾ ਡਾਇਆ,
ਨੀ ਸਹੀਉਂ ਢੋਲਣ ਸਾਡਾ ਆਇਆ, ਨੀ ਸਾਵਲ ਸਾਡਾ ਆਇਆ।
ਕਲੀਆਂ ਦੀ ਮੈਂ ਕਰਾਂ ਨੀ ਵਰਖਾ, ਚਮੁੱਖੇ ਬਾਲ ਕੇ ਦੀਵੇ,
ਕੇਸਰ ਮਿਸ਼ਰੀ ਦੁੱਧ ਵਿੱਚ ਘੋਲਾਂ ਜੇ ਉਹ ਮਾਸਾ ਪੀਵੇ,
ਨੈਣ ਮਿਲੇ ਠੰਡ ਪਈ ਕਲੇਜੇ ਛੱਨ੍ਹਾਂ ਮੁੱਖ ਛੁਵਾਇਆ।
ਨੀ ਸਹੀਉਂ ਸਾਵਲ ਸਾਡਾ ਆਇਆ ............

ਆਸ ਮੇਰੀ ਦੀ ਉੱਗੀ ਬੂਟੀ ਅੱਜ ਜੋਬਨ 'ਤੇ ਆਈ,
ਜਦ ਬੂਟੀ ਨੇ ਰਿਸ਼ਮਾਂ ਛੱਡੀਆਂ ਹੋ ਗਈ ਨੀ ਰੁਸ਼ਨਾਈ,
ਗੋਰੇ ਪਿੰਡੇ ਪਈਆਂ ਰਿਸ਼ਮਾਂ ਹੋਇਆ ਚਮਨ ਸਵਾਇਆ।
ਨੀ ਸਹੀਉਂ ਸਾਵਲ ਸਾਡਾ ਆਇਆ ................

ਧੂੰਦੇ ਦੁਆਲੇ ਤਾਰਿਆਂ ਝੂੰਮਰ, ਵਿੱਚ ਖੁਸ਼ੀ ਦੇ ਪਾਈ,
ਬੁੱਕਲ ਦੇ ਵਿੱਚ ਰਾਤ ਦੀ ਰਾਣੀ, ਚੰਨ ਨੂੰ ਫਿਰੇ ਲੁਕਾਈ,
ਕਿਰਨਾਂ ਦਾ ਉਹ ਨਿਮਿਆ ਅੜੀਉ ਸ਼ਬਨਮ ਦਾ ਨੀ ਜਾਇਆ।
ਨੀ ਸਹੀਉਂ ਢੋਲਣ ਸਾਡਾ ਆਇਆ ...............

ਸੁਣਨੀ ਹਵਾ ਪੂਰੇ ਦੀਏ ਸਾਡਾ, ਆਂਗਣ ਅੱਜ ਸਵਾਰੀ,
ਫੁਹਾਰਾਂ ਦਾ ਜ਼ਰਾ ਮਾਰ ਕੇ ਛਿੱਟਾ ਚੱਜ ਨਾਲ ਕਰੀ ਬੁਹਾਰੀ,
ਹਾਰ ਸ਼ਿੰਗਾਰ ਨੀ ਕੁਦਰਤ ਕਰਕੇ ਨੌਂ ਲੱਖਾ ਹੈ ਪਾਇਆ।
ਨੀ ਸਹੀਉਂ .......................

ਜਿਸਮ ਮੇਰੇ 'ਚ ਫਿਰ ਫਿਰ ਸਿੰਮਦੇ ਰੀਝਾਂ ਚਾਅ ਰਸ ਭਿੰਨੇ,
ਵੇਖਾਂ ਕੀਲੇ ਕੌਣ ਸਪਾਧਾ, ਛੇੜੇ ਬਿਸ਼ਅਰ ਕਿੰਨੇ,
ਸੁੱਚੇ ਅੰਗ ਮਦਹੋਸ਼ ਹੋ ਗਏ ਲੇਹਿਰੀਆਂ "ਕਾਹਲ" ਵਜਾਇਆ।
ਨੀ ਸਹੀਉਂ ਢੋਲਣ ਸਾਡਾ ਆਇਆ

## ਨੀ ਮੈਂ ਯਾਰ ਬਣਾਇਆ ਅੱਲਾਹ

ਨੀ ਮੈਂ ਯਾਰ ਬਣਾਇਆ ਅੱਲਾ, ਨੀ ਮੈਂ ਯਾਰ ਬਣਾਇਆ ਅੱਲਾ,
ਮਾਉ ਮੈਨੂੰ ਦਿੰਦੀ ਮੱਤੀ ਬਾਪ ਮਰੇਦਾਂ ਖੱਲਾ। ਨੀ ਮੈਂ .............

ਥੱਡਿਉ ਈ ਮੇਰਾ ਯਾਰ ਨੀ ਪੱਕਾ, ਨਬੀ ਖਵਾਜਾ ਕਾਬਾ ਮੱਕਾ,
ਅੰਗ ਸਾਕ ਸਭ ਏਹੀ ਸੱਕਾ, ਗਲ ਮੇਰੇ ਜਿਸ ਪਾਈ ਤਸੱਬੀ,
ਚੀਚੀਂ ਪਾਇਆ ਛੱਲਾ। ਨੀ ਮੈਂ ਯਾਰ ................

ਪੀਡੀ ਪੱਕੀ ਪਾਈ ਪ੍ਰੀਤ, ਅੰਦਰ ਸੋਹਣੀ ਬਣੀ ਮਸੀਤ,
ਪੰਜੇ ਵਕਤ ਮੈਂ ਲੈਂਦੀ ਨੀਤ, ਭੰਨ ਸੁੱਟਿਆ ਮੈਂ ਆਪੇ ਕਾਸਾ,
ਫੂਕਾਂ ਹੁਣ ਮੁਸੱਲਾ। ਨੀ ਮੈਂ ਯਾਰ ...................

ਮੈਨੂੰ ਕੋਈ ਸਮਝ ਨਾ ਆਉਂਦੀ, ਦਿਨ ਨੂੰ ਚੈਨ ਨਾ ਰਾਤ ਨੂੰ ਸੌਂਦੀ,
ਵੱਤਦੀ ਗਲੀਆਂ ਫਿਰਦੀ ਭੌਂਦੀ, ਵੈਦ ਨਾ ਕੋਈ ਕਰਦਾ ਕਾਰੀ,
ਆਖੇ ਰੋਗ ਅਵੱਲਾ, ਨੀ ਮੈਂ ਯਾਰ ਬਣਾਇਆ ...............

ਪੁੱਠੀ ਪੈਂਦੀ ਕਿਉਂ ਗੱਲ ਮੱਤ ਦੀ ਸਾਰਾ ਦਿਨ ਤੂੰ ਵਿਹਲੀ ਵੱਤਦੀ,
ਬਹਿ ਤ੍ਰਿੰਜਣ 'ਚ' ਮੂਲ ਨਾ ਕੱਤਦੀ, ਪੈਰ ਕੱਚੀ ਪੱਕੀ ਖਾਵੇ ਧਰਿਆ,
ਕਰ ਗਿਆ ਸਾਨੂੰ ਝੱਲਾ। ਨੀ ਮੈਂ ਯਾਰ ਬਣਾਇਆ .............

ਪਾ ਕੇ ਕੁੰਡੀ ਖਿੱਚ ਲਈ ਡੋਰ, ਚੋਰ ਚੋਰ ਮੈਂ ਕੀਤਾ ਸ਼ੋਰ,
ਫੜ ਲਉ ਇਸ ਨੂੰ ਨਹੀਂ ਜੇ ਹੋਰ, ਪਾਈ ਪੱਕੀ ਗੰਢ ਮੈਂ ਪੀਡੀ,
ਖੁੱਲਦਾ ਨਹੀਂ ਪੱਲਾ। ਨੀ ਮੈਂ ਯਾਰ ਬਣਾਇਆ .............

ਵਿਹਲੜ ਨੇ ਅੱਜ ਕਾਬੂ ਕੀਤਾ, ਹੁਣ ਤੂੰ ਨੱਸ ਖਾ ਮੇਰੇ ਮੀਤਾ,
ਆਪੇ ਘਾਉ ਕਰ ਆਪੇ ਸੀਤਾ "ਕਾਹਲ" ਚੁੱਪ ਕਰ ਬੈਠ ਜਾ ਅੰਦਰ
ਛੱਡ ਹੁਣ ਕਰਨਾ ਹੱਲਾ। ਨੀ ਮੈਂ ਯਾਰ ਬਣਾਇਆ ਅੱਲਾ।

## ਮੈਂ ਮੁਰਸ਼ਦ ਨਾਲ ਲਾਈ

ਮੈਂ ਮੁਰਸ਼ਦ ਨਾਲ ਲਾਈ ਨੀ ਸਹੀਉਂ, ਮੈਂ ਮੁਰਸ਼ਦ ਨਾਲ ਲਾਈ,
ਰੂੜੀਆਂ ਤੋਂ ਚੁੱਗ ਲੀਰ ਪਲੀਰਾਂ ਕਫਨੀ ਸੀਂਅ ਗੱਲ ਪਾਈ,
ਨੀ ਸਹੀਉਂ ...........................

ਪਾ ਕਫਨੀ ਮੈਂ ਹੋਈ ਦੀਵਾਨੀ, ਜਿਉਂਦੇ ਮਰਨ ਦੀ ਇਹ ਨਿਸ਼ਾਨੀ,
ਰੋਮ ਰੋਮ ਵਿੱਚ ਉਹੀ ਵੱਸੇ, ਮਾਰ ਕੇ ਜਿਸ ਜਵਾਈ।
ਨੀ ਸਹੀਉ .............

ਸਾਂਵੇਂ ਸੂਹੇ ਕਾਲੇ ਪਾ ਵੇਖੇ, ਉਹ ਵੀ ਲੱਗੇ ਕਿਸੇ ਨਾਂ ਲੇਖੇ,
ਜੋ ਤੁੱਧ ਭਾਵੇ ਵੇਸ ਕਰਾ ਉਹ, ਸੁਣ ਮੇਰੇ ਹਰਜ਼ਾਈ।
ਨੀ ਸਹੀਉਂ ..............

ਉੱਚੇ ਟਿੱਲੇ ਕੂੰਕ ਪੁਕਾਰਾ, ਜਿੰਦ ਪਹੁੰਚੀ ਹੇਰਵੇ ਖਾਰਾ,
ਵਿੱਚ ਕਲਾਵੇ ਲਏ ਕੋਝੀ ਨੂੰ, ਸਾਵਲ ਮੇਰੇ ਸਾਈਂ।
ਨੀ ਸਹੀਉਂ ਮੈਂ ਮੁਰਸ਼ਦ .............

ਜਦ ਖੋਲੀ ਮੈਂ ਮੈਂ ਦੀ ਤਾਕੀ ਉੱਡ ਗਈ ਮੈਂ ਮੈਂ ਰਿਹਾ ਉਹ ਬਾਕੀ,
ਚਾਰੇ ਪਾਸੇ ਤੂੰ ਹੀ ਦਿੱਸਿਆ, ਜਿੱਧਰ ਨਜ਼ਰ ਘੁੰਮਾਈ।
ਨੀ ਸਹੀਉਂ ਮੈਂ ..............

ਪਾ ਕਫਨੀ ਮੈਂ ਸੋਹਣੀ ਲੱਗਾਂ, ਠਰਿਆ ਅੰਦਰ ਬੁੱਝੀਆਂ ਅੱਗਾ,
ਹੱਸ-ਹੱਸ ਵੇਖੇ ਮੈਂਧਰ ਸੋਹਣਾ, ਮੈਂ ਸੋਹਣੇ ਨੂੰ ਭਾਈ।
ਨੀ ਸਹੀਉਂ ਮੈਂ ...............

ਪਲ ਨਾ ਵੇਖਾਂ ਹੋਵਾਂ ਅੰਨ੍ਹੀ, ਗਲੀਆਂ ਵੱਤਦੀ ਫਿਰਦੀ ਭੰਨੀ,
ਲੱਭੋ ਨੀ "ਕਾਹਲ" ਕੋਈ ਲੱਭੋ, ਪਾਉਂਦੀ ਫਿਰਾਂ ਦੁਹਾਈ।
ਨੀ ਸਹੀਉਂ ਮੈਂ ਮੁਰਸ਼ਦ ਨਾਲ ਲਾਈ।

## ਨਾਲ ਪਿਆਰੇ ਮੈਂ ਨੀ ਨੱਚਾਂ

ਨਾਲ ਪਿਆਰੇ ਮੈਂ ਨੀ ਨੱਚਾਂ, ਨੱਚੇ ਨਾਲ ਪਿਆਰਾ,
ਵੇ ਕੁੱਲ ਆਲਮ ਨੱਚਦਾ ਮੇਰਾ ਪਹਿਲਾ ਵਾਰਾ।
ਵੇ ਕੁੱਲ ਆਲਮ ਨੱਚਦਾ ............

ਡੁੱਗ ਡੁੱਗ ਕਰ ਡੁੱਗ ਵਜਾਈ, ਸਾਰੀ ਖਲਕਤ ਭੰਨੀ ਆਈ,
ਸ਼ਕਲ ਸੂਰਤ ਨਾ ਰਲਦੀ ਕਾਈ, ਮੇਲਾ ਲੱਗਿਆ ਭਾਰਾ।
ਵੇ ਕੁੱਲ ਆਲਮ ਨੱਚਦਾ .............

ਆਪਣੇ ਹੱਥ ਵਿੱਚ ਰੱਖੇ ਡੋਰ, ਨਾਲ ਨਾ ਚੱਲੇ ਉਸਦੇ ਜੋਰ,
ਚਰਿੰਦ ਪ੍ਰਿੰਦ ਤੇ ਨੱਚਦੇ ਮੋਰ, ਉਹ ਨਚਾਵਣ ਹਾਰਾ।
ਵੇ ਕੁੱਲ ਆਲਮ ਨੱਚਦਾ ..............

ਸ਼ਾਹ ਅਨਾਇਤ ਨਚਾਇਆ ਬੁੱਲ੍ਹਾ, ਬੁੱਲ੍ਹਾ ਬੁੱਲ੍ਹੇ ਨੂੰ ਫਿਰ ਭੁਲਾ,
ਉਸ ਤੋਂ ਚੰਗਾ ਬਨਿਆ ਚੁੱਲ੍ਹਾ, ਨੱਚ ਪਿਉ ਪੁੱਤ ਲਿਆ ਨਜਾਰਾ।
ਵੇ ਕੁੱਲ ਆਲਮ ਨੱਚਦਾ ...............

"ਕਾਹਲ" ਨੱਚਣ ਦਾ ਚੱਜ ਨਾ ਆਉਂਦਾ, ਮੁਰਸ਼ਦ ਨੂੰ ਤੂੰ ਅਜੇ ਨਾ ਭਾਉਂਦਾ,
ਚੋਵੀ ਹਜ਼ਾਰ ਦਾ ਘਾਟਾ ਪਾਉਂਦਾ ਛੱਡ ਨਾ ਬੈਠੀ ਚਾਰਾ।
ਵੇ ਕੁੱਲ ਆਲਮ ਨੱਚਦਾ ..............

✡✡

## ਡਾਹਢਾ ਬੇਪਰਵਾਹ

ਡਾਹਢਾ ਬੇਪਰਵਾਹ ਨੀ ਸਹੀਉਂ ਡਾਹਢਾ ਬੇਪਰਵਾਹ,
ਦੋਹੀਂ ਜਹਾਨੀ ਉਹੀ ਵਾਲੀ, ਸ਼ਹਿਨਸ਼ਾਹਾ ਦਾ ਸ਼ਾਹ।
ਨੀ ਸਹੀਉਂ ...................

ਕੱਚੀ ਪੱਕੀ ਚਾਹੇ ਤਰੋੜੇ, ਕੋਈ ਨਾ ਉਸ ਨੂੰ ਵਰਜੇ ਮੋੜੇ,
ਭਾਵੇਂ ਉਹ ਤਾਰੇ ਚਾਹੇ ਬੋੜੇ, ਆਪ ਮੁਹਾਣਾ ਬੇੜੀ ਚੱਪੂ,
ਆਪੇ ਹੀ ਮਲਾਹ। ਨੀ ਸਹੀਉਂ ਡਾਹਢਾ ..............

ਅੱਠੇ ਪਹਿਰ ਕਰੇ ਮਨ ਆਈਆਂ, ਆਪ ਬਾਲੀਆਂ ਆਪ ਸਕਾਈਆਂ,
ਜੋਰ ਨਾ ਚੱਲੇ ਉਸ ਨਾਲ ਸਾਈਆਂ, ਕਿਹੜਾ ਆਖੇ ਇੰਜ ਨਹੀਂ ਇੰਜ ਕਰ,
ਮੰਨਦਾ ਨਹੀਂ ਸਲਾਹ। ਨੀ ਸਹੀਉਂ ਡਾਹਢਾ ...............

ਕਿਤੇ ਘੋੜੀਆਂ ਕਿਤੇ ਸਿਆਪੇ, ਚਾੜ੍ਹੇ ਤਾਪ ਤੇ ਮਾਰੇ ਆਪੇ,
ਪਾਤਸ਼ਾਹ ਉਹ ਕੀੜਾ ਥਾਪੇ, ਜੇਕਰ ਨੀਂਦਰ ਅਪੁੱਠੀ ਹੋ ਜਾਏ,
ਲਸ਼ਕਰ ਕਰੇ ਸੁਆਹ। ਨੀ ਸਹੀਉਂ ਡਾਹਢਾ ............

ਪਲ ਵਿੱਚ ਗਿੱਧੇ ਭੰਗੜੇ ਪੈਂਦੇ, ਪਲ ਵਿੱਚ ਚੜ੍ਹ ਚਿਖਾ 'ਤੇ ਬਹਿੰਦੇ,
ਸੁੱਕੇ ਦਰਿਆ ਹੜ ਬਣ ਵਹਿੰਦੇ, "ਕਾਹਲ" ਕੋਈ ਕਹੇ ਰੱਬ ਉਸਨੂੰ,
ਕੋਈ ਕਹੇ ਅਲਾਹ। ਨੀ ਸਹੀਉਂ ਡਾਹਢਾ ਬੇਪਰਵਾਹ।

✡✡

## ਦਰ ਸੋਹਣੇ ਦੇ ਪਾਵਾਂ ਲੋਕੋ ਮਸਤੀ 'ਚੋਂ ਜੱਲੀ

ਤੇਰੇ ਇਸ਼ਕ ਨੇ ਕੀਤਾ, ਮੈਨੂੰ ਕਮਲੀ ਤੇ ਝੱਲੀ,
ਦਰ ਸੋਹਣੇ ਦੇ ਪਾਵਾਂ, ਲੋਕੋ ਮਸਤੀ 'ਚ ਜੱਲੀ।

ਉਸਦੇ ਵਿਰਾਗ ਦਾ ਸਾਗਰ ਮਾਰੇ ਅੰਦਰ ਉਛੱਲੇ,
ਖਾਣ ਰੀਝਾਂ ਓ ਗੋਤੇ, ਸਬਰ ਮੂਲ ਨਾ ਠੱਲੇ,
ਵੇਖ ਕੱਪਰਾਂ ਨੇ ਘੇਰੀ ਸੋਹਲ ਜਿੰਦ ਵੇ ਇਕੱਲੀ।
ਦਰ ਸੋਹਣੇ ਦੇ ਪਾਵਾਂ ................

ਬਿੰਨ ਤੇਰੇ ਮੇਰੇ ਸਾਵਲ ਮੇਰਾ ਜੀਣਾ ਮੁਹਾਲ,
ਆ ਕੇ ਲੈ ਮੇਰੀ ਸੋਝੀ ਸਾਡੇ ਮੰਦੜੇ ਨੇ ਹਾਲ,
ਸਾਨੂੰ ਬ੍ਰਿਹੋ ਨੇ ਮਾਰੀ ਵੇਖ ਸੱਟ ਵੇ ਕੁਲੱਲੀ।
ਦਰ ਸੋਹਣੇ ਦੇ ਪਾਵਾਂ ..............

ਦਰਿਆ ਦਿਲ ਵਿੱਚ ਛੱਡੇ ਅਸਾਂ ਸੋਚਾਂ ਦੇ ਬੇੜੇ,
ਟੁੱਟੇ ਤਾਂਘ ਦੇ ਚੱਪੂ ਦੱਸੋ ਕਿੰਜ ਕੋਈ ਗੇੜੇ,
ਆ ਕੇ ਫੜੀ ਵੇ ਤਬੀਬਾ ਨਹੀਂ ਤੇ ਮੈਂ ਡੁੱਬ ਚੱਲੀ।
ਦਰ ਸੋਹਣੇ ਦੇ ਪਾਵਾਂ ..............

ਰਾਤੀ ਉੱਠ ਉੱਠ ਕਰਾਂ ਵੇ ਮੈਂ ਕੀਰਨੇ ਚੁਬਾਰੇ,
ਮੈਨੂੰ ਆਣ ਵਰਾਉਂਦੇ ਰੈਣ ਭਿੰਨੜੀ ਦੇ ਤਾਰੇ,
"ਕਾਹਲ" ਦਿਨ ਦੀ ਵੀ ਲੁੱਟੇ ਮੱਚ ਗਈ ਤੜਥੱਲੀ।
ਦਰ ਸੋਹਣੇ ਦੇ ਪਾਵਾਂ .............

ਸਾਨੂੰ ਹਿੱਜਰ ਦੀ ਪੀੜ ਲੋਕੋ ਚੱਤੋ ਪਹਿਰ ਉੱਠੇ,
ਸਾਡੇ ਵਸਲ ਦੇ ਲੇਖ ਲਿਖੇ ਗਏ ਨੇ ਅਪੁੱਠੇ,
ਕਿੰਜ ਯਾਰ ਨੂੰ ਮਨਾਵਾਂ ਆਵੇ ਚੱਜ ਨਾ ਅਵੱਲੀ।

✡✡

## ਆਪ ਸੱਜਣ ਸਾਡੀ ਬਾਂਹ ਫੜ ਲਈ

ਆਪ ਸੱਜਣ ਸਾਡੀ ਬਾਂਹ ਫੜ ਲਈ,
ਓ ਆਪ ਸੱਜਣ ਸਾਡੀ ਬਾਂਹ ਫੜ ਲਈ।
ਸਾਡਾ ਨੱਸਿਆ ਭਾਉਂ ਭੁਲੇਖਾ। ਓ ਆਪ .............

ਮਾਰ ਕੇ ਅੱਡੀ ਸ਼ੂਹ ਦਰ ਨੱਚੇ, ਅਸੀਂ ਤਾਂ ਹੋ ਗਏ ਸੁੱਚੇ ਸੱਚੇ,
ਅੱਧ ਵਿੱਚ ਖੁਰ ਗਏ ਵੇਖੋ ਕੱਚੇ, ਮੇਟ ਦਿੱਤਾ ਜਿਸ ਲੇਖਾਂ।
ਓ ਆਪ ਸੱਜਣ ਨੇ ................

ਗਰਮ ਮਜ਼ਾੜੀ ਗੁੱਸਾ ਕੱਬਾ, ਸਾਨੂੰ ਲੜਦਾ ਸਾਡਾ ਅੱਬਾ,
ਬੂੰ ਬੂੰ ਕਰਦੀ ਬੋਹੜੀ ਰੱਬਾ, ਅੱਜ ਯੂਸਫ਼ ਬਣੀ ਜੁਲੇਖਾਂ।
ਓ ਆਪ ਸੱਜਣ ................

ਸਿਰ ਸ਼ਾਹਾਂ ਦੇ ਸ਼ਾਹ ਸਹੇੜੇ, ਮੁੱਕ ਗਏ ਸਾਰੇ ਝਗੜੇ ਝੇੜੇ,
ਦੋਹੀਂ ਜਹਾਨੀ ਹੋਏ ਨਿਬੇੜੇ, ਮਿੱਟ ਗਈ ਯਮਾਂ ਦੀ ਰੇਖਾ।
ਓ ਆਪ ਸੱਜਣ ..................

ਪਾਕ ਇਸ਼ਕ ਨੇ ਸਾਨੂੰ ਡੰਗਿਆ, ਗੂੜੇ ਰੰਗ ਵਿੱਚ ਮੁਰਸ਼ਦ ਰੰਗਿਆ,
ਮਦੀਨੇ ਤੋਂ ਬਸ ਏਹੀ ਮੰਗਿਆ, ਮੁੱਖ ਸਦਾ "ਕਾਹਲ" ਵੇਖਾਂ।
ਆਪ ਸੱਜਣ ਸਾਡੀ ਬਾਂਹ ਫੜ ਲਈ,
ਸਾਡਾ ਨੱਸਿਆ ਭਾਉ ਭੁਲੇਖਾ ................

✡✡

## ਪੜ੍ਹ ਫਕੀਰਾ ਅਲਾਹ ਹੂੰ

ਪੜ੍ਹ ਫਕੀਰਾ ਅੱਲ੍ਹਾ ਹੂੰ, ਗਰਜ਼ ਨਿਮਾਣੀ ਸਾਰੀ ਦੁਨੀਆ,
ਬੇ ਗਰਜ਼ਾ ਇਕੱਲਾ ਤੂੰ, ਪੜ੍ਹ ਫਕੀਰਾ ਅਲਾਹ ਹੂੰ।

ਸਭ ਜਗ ਜਿਸ ਨੇ ਅਪਣਾ ਜਾਨਾ, ਨਾ ਕੋਈ ਵੈਰੀ ਨਹੀਂ ਬੇਗਾਨਾ,
ਉਸਦਾ ਹਰਦਮ ਕਰ ਸ਼ੁਕਰਾਨਾ, ਦਰ ਉਸਦੇ ਦਾ ਹੋ ਦਿਵਾਨਾ,
ਯਮ ਕਰਨ ਨਾ ਫਿਰ ਖਿੱਚ ਧੂਹ।
ਪੜ੍ਹ ਫਕੀਰਾ ਅੱਲ੍ਹਾ ਹੂੰ ...............

ਅੱਖਾਂ ਦੇ ਬੰਦ ਕਰ ਲਏ ਬੂਹੇ, ਸਭ ਦੀ ਸੁਣ ਕੇ ਪਾ ਢਿੱਡ ਖੂਹੇ,
ਜ਼ਹਿਰੀ ਹੋਊਮੇ ਮਾਰ ਲੈ ਠੂੰਹੇਂ, ਉਸ ਦੇ ਰੰਗ 'ਚ ਰੰਗ ਲੈ ਸੂਹੇ,
ਬਣਕੇ ਰਹੇ ਬੱਸ ਝੱਲਾ ਤੂੰ।
ਪੜ੍ਹ ਫਕੀਰਾ ਅੱਲ੍ਹਾ ਹੂੰ ...............

ਸਾਹਿਬ ਅਪਣਾ ਯਾਰ ਬਣਾ ਲਏ, ਉਸ ਦੇ ਨਾਲ ਤੂੰ ਨੈਣ ਮਿਲਾ ਲਏ,
ਲੂੰ ਲੂੰ ਦੇ ਵਿੱਚ ਪ੍ਰੀਤ ਵਸਾ ਲਏ, ਨਾਮ ਨਿਸ਼ਾਨੀ ਉਸ ਦੀ ਪਾ ਲਏ,
ਉਂਗਲੀ ਦੇ ਵਿੱਚ ਛੱਲਾ ਤੂੰ।
ਪੜ੍ਹ ਫਕੀਰਾ ਅੱਲ੍ਹਾ ਹੂੰ ................

ਸੋਹਲ ਜਿੰਦ ਤੇ ਰਸਤਾ ਭਾਰੀ, ਦੁਨੀਆ ਚੱਲੀ ਵਾਰੋ ਵਾਰੀ,
ਜਾਣਾ ਸੋਹਰੀ ਕਰ ਤਿਆਰੀ, ਕਲਮੇ ਦੀ "ਕਾਹਲ" ਕਰ ਲਏ ਕਾਰੀ
ਪੜ੍ਹ ਕੇ ਫੜ ਲਏ ਪੱਲਾ ਤੂੰ।
ਗਰਜ਼ ਨਿਮਾਣੀ ਸਾਰੀ ਦੁਨੀਆ
ਬੇ ਗਰਜ਼ਾ ਇਕੱਲਾ ਤੂੰ ਪੜ੍ਹ ਫਕੀਰਾ ................

✡✡

## ਮੁੱਢ ਕਦੀਮੋਂ ਮਾਹੀਆ ਮੇਰਾ

ਮੁੱਢ ਕਦੀਮੋਂ ਮਾਹੀਆ ਮੇਰਾ, ਪੱਕਾ ਪੀਂਚ ਓ ਆੜੀ ਵੇ
ਲੂੰ ਲੂੰ ਮੇਰਾ ਰੰਗਿਆ ਪ੍ਰੀਤਮ, ਰੰਗਤ ਗੂੜੀ ਚਾੜੀ ਵੇ
ਲੱਖ ਵਿਸਾਰਾਂ ਵਿਸਰੇ ਨਾਹੀਂ, ਪਲ ਨਾ ਡਿੱਠਾ ਭੜਕਣ ਭਾਹੀ
ਥੱਡਿਓ ਪਾਈਆਂ ਗਲ ਵਿੱਚ ਬਾਂਹੀਂ ਉਹ ਲਾੜਾ ਮੈਂ ਲਾੜੀ ਵੇ
ਲੂੰ ਲੂੰ ਮੇਰਾ ਰੰਗਿਆ .......................

ਮੇਰੇ ਰੱਬ ਨੂੰ ਰੱਬ ਦੀਆਂ ਰੱਖਾਂ ਲੱਗ ਨਾ ਜਾਵਣ ਚੰਦਰੀਆਂ ਅੱਖਾਂ
ਲਕੋ ਡੱਬੀ ਮੈਂ ਦਿਲ ਦੀ ਰੱਖਾਂ, ਮਿਰਚ ਕੌੜੀ ਵਾਰ ਸਾੜੀ ਵੇ
ਲੂੰ ਲੂੰ ਮੇਰਾ ਰੰਗਿਆ ਪ੍ਰੀਤਮ ...............

ਸੁਆਦ ਜਤੋਕਾਂ ਕਲਮਾਂ ਡਿੱਠਾ, ਖੰਡ ਗੁੜ ਸ਼ੱਕਰ ਮਾਖਿਓਂ ਮਿੱਠਾ,
ਕੋਰਾ ਕੂੜ ਜਗਤ ਦਾ ਚਿੱਠਾ ਉੱਡ ਗਈ ਮੈਂ ਮਾਰ ਤਾੜੀ ਵੇ
ਲੂੰ ਲੂੰ ਮੇਰਾ ਰੰਗਿਆ ਪ੍ਰੀਤਮ ................

ਤੇਰੇ ਨਾਓ ਨਾਲ ਜਾਵਾਂ ਜਾਣੀ ਗੱਲ ਮੇਰੀ ਦਾ ਝੂਠ ਨਾ ਜਾਣੀ
ਤੁੱਧ ਬਿੰਨ ਕੋਝੀ ਮੈਂ ਨਿਮਾਣੀ, ਕੀ ਹੋਇਆ ਜੇ ਮਾੜੀ ਵੇ।
ਲੂੰ ਲੂੰ ਮੇਰਾ ਰੰਗਿਆ ਪ੍ਰੀਤਮ ................

ਮਿਹਰ ਤੇਰੀ ਵਿੱਚ ਸਭ ਨਜ਼ਾਰੇ, ਕਰਮ ਕਰੇ ਤਾਂ ਆਉਣ ਹੁਲਾਰੇ
ਫੱਲ ਫੁੱਲ ਲੱਗਣ ਬੜੇ ਪਿਆਰੇ, ਨਹੀਂ ਕੰਡਿਆਲੀ ਝਾੜੀ ਵੇ
ਲੂੰ ਲੂੰ ਮੇਰਾ ਰੰਗਿਆ ਪ੍ਰੀਤਮ ................

ਸੰਖ, ਟੱਲ ਪਏ ਪਾਉਂਦੇ ਰੋਲਾ, ਮੁੱਲਾ ਆਖੇ ਅੱਲ੍ਹਾ ਬੋਲਾ
ਜਰ੍ਹੇ ਜਰ੍ਹੇ ਵਿੱਚ ਵੱਸੇ ਮੋਲ੍ਹਾ "ਕਾਹਲ" ਡਿਠੈ ਲਾਓ ਤਾੜੀ ਵੇ।
ਲੂੰ ਲੂੰ ਮੇਰਾ ਰੰਗਿਆ ਪ੍ਰੀਤਮ ਰੰਗਤ ਗੂੜੀ ਚਾੜੀ ਵੇ।

✡✡

## ਠਾਠਾਂ ਮਾਰੇ ਬਿਰਹੋ

ਸੱਜਣ ਮੇਰੇ ਪਈ ਪੁਕਾਰਾਂ ਕੋਠੇ ਚੜ੍ਹ ਚੜ੍ਹ ਚਾਂਘਾਂ ਮਾਰਾਂ,
ਹੋਰ ਨਾ ਦੇਰੀ ਕਰ ਵੇ, ਠਾਠਾਂ ਮਾਰੇ ਬਿਰਹੋ ਜਿੰਦ ਚੱਲੀ ਏ ਖਰ ਵੇ,
ਕੂਲੀ ਦੇਹ ’ਤੇ ਲਾਸ਼ਾਂ ਪਾਈਆਂ ਤੇਰੇ ਇਸ ਵਿਛੋੜੇ,
ਬੜਾ ਅਮੋੜ ਨਾ ਲੱਗਦਾ ਆਖੇ, ਕਿਹੜਾ ਇਸਨੂੰ ਮੋੜੇ,
ਚਾਵੜ ਕਰ ਤਸੀਹੇ ਦਿੰਦਾ, ਕੀਤਾ ਤੂੰ ਨਿਡਰ ਵੇ,
ਠਾਠਾਂ ਮਾਰੇ ਬਿਰਹੋ ...................

ਚੰਦਨ ਵਰਗੇ ਜਿਸਮ ਮੇਰੇ ਨੂੰ ਜਾਂਦਾ ਸਹੀਉਂ ਖੋਰੀ,
ਕੱਢ ਕੇ ਲੈ ਗਿਆ ਜਾਨ ਮੇਰੀ ਨੂੰ, ਕਰ ਕੇ ਸੀਨਾ ਜੋਰੀ,
ਅਰਮਾਨ ਪੂਰੇ ਕਰਨ ਦੀ ਖਾਤਰ ਗਹਿਣੇ ਜਿੰਦ ਗਿਆ ਧਰ ਵੇ,
ਠਾਠਾਂ ਮਾਰੇ ਬਿਰਹੋ ...................

ਰਾਤ ਸਿਆਲੀ ਕਾਲੀ ਲੰਬੀ, ਮੈਨੂੰ ਖਾਣ ਨੂੰ ਪੈਂਦੀ,
ਹਿੱਜਰ ਤੇਰੇ ਦੀਆਂ ਪੈਂਦੀਆਂ ਚੀਸਾਂ, ਰਾਤੀ ਉੱਠ ਉੱਠ ਬਹਿੰਦੀ,
ਦਿਲ ਦਾ ਵਿਹੜਾ ਭਾਂ, ਭਾਂ ਕਰਦਾ, ਘੂਰੇ ਸੱਖਣਾ ਘਰ ਵੇ,
ਠਾਠਾਂ ਮਾਰੇ ਬਿਰਹੋ ..................

ਤਾਰੇ ਮੇਰਾ ਸਿਰ ਪਲੋਸਣ, ਹੁੰਬਕੀ ਜਦ ਮੈਂ ਰੋਵਾਂ,
ਦੱਸ ਖੁਦਾਇਆ ਕੀ ਗਵਾਇਆ ਹੰਝੂ ਕਿਉਂ ਮੁੱਖ ਧੋਣ,
ਖੁਸ਼ੀਆਂ ਨੂੰ ਮੈਂ ਕੀਤੀ ਝੋਲੀ, ਪੀੜਾਂ ਦਿੱਤੀਆਂ ਭਰ ਵੇ,
ਠਾਠਾਂ ਮਾਰੇ ਬਿਰਹੋ ................

“ਕਾਹਲ” ਕੂੰਕਦੀ ਕੂੰਜ ਨਿਮਾਣੀ ਮੇਰੀ ਗੱਲ ਦਾ ਝੂਠ ਨਾ ਜਾਣੀ,
ਛੇਤੀ ਛੇਤੀ ਆਜਾ ਹਾਣੀ ਸੁੱਕੇ ਸੰਘ ’ਚ ਪਾ ਜਾ ਪਾਣੀ,
ਵਿਲਕਣ ਦੀਦੇ ਦੀਦੇ ਤੇਰੀ ਨੂੰ ਵੇਖਦੇ ਹਰ ਪਲ ਦਰ ਵੇ,
ਠਾਠਾਂ ਮਾਰੇ ਬਿਰਹੋ ਜਿੰਦ ਚੱਲੀ ਹੈ ਖਰ ਵੇ।

✡✡

## ਸਾਡੀਆਂ ਮੋਈਆਂ ਖੁਸ਼ੀਆਂ

ਆਪ ਹੀ ਵੈਦ ਆਪ ਹੀ ਦਾਰੂ,
ਤੇਈਆ ਸੁਣੀਦਾ ਹੈ ਇਹ ਮਾਰੂ,
ਆਪ ਚਾ ਲਾਇਆ ਸੂੰ ਰੋਗ ਵੇ ਸਾਡੀਆਂ ਮੋਈਆਂ ਖੁਸ਼ੀਆਂ।
ਘਰ ਮਨ ਪੈ ਗਿਆ ਸੋਗ ਵੇ।
ਸੜ ਬਲਸਾ ਮੈਂ ਵਾਂਗ ਭਮੱਕੜ ਇਸ਼ਕੇ ਦੇ ਮੈਂ ਚੜਸਾਂ ਤੱਕੜ,
ਦਿਲ ਦੇ ਰੈਜ ਕਰੇਸਾਂ ਕੱਕੜ, ਜੋ ਨੈਣਾਂ ਦੀ ਜੋਗ ਵੇ,
ਸਾਡੀਆਂ ਮੋਈਆਂ ਖੁਸ਼ੀਆਂ।

ਦਰਦ ਫਿਰਾਕ ਵੇ ਪੀੜ ਘਨੇਰੀ, ਸੋਹਲ ਜਿੰਦ ਫਸੀ ਘੁੰਮਣਘੇਰੀ,
ਹੋਰ ਵੱਸਲ ਜੇ ਕੀਤੀ ਦੇਰੀ, ਪਊ ਰੀਝਾਂ ਦਾ ਭੋਗ ਵੇ,
ਸਾਡੀਆਂ ਮੋਈਆਂ ਖੁਸ਼ੀਆਂ।

ਹਿਜਰ ਤੇਰੇ ਵਿੱਚ ਮਰ ਮੁੱਕ ਜਾਸਾਂ, ਪਿੰਨ ਪਿੰਨ ਟੁੱਕੜੇ ਦਰ ਦਰ ਖਾਸਾਂ,
ਯਾਦ ਤੇਰੀ ਦਾ ਫੜ ਕੇ ਕਾਸਾ, "ਕਾਹਲ" ਕਰਕੇ ਇਕੱਠੀ ਚੋਗ ਵੇ,
ਸਾਡੀਆਂ ਮੋਈਆਂ ਖੁਸ਼ੀਆਂ,
ਘਰ ਮਨ ਪੈ ਗਿਆ ਸੋਗ ਵੇ।

✡✡

## ਦੂਰੋਂ ਦੂਰੋਂ ਕਰਦਾ ਇਸ਼ਾਰੇ ਸੋਹਣਾ ਮਾਹੀ

ਸੈਨਤਾਂ ਓ ਗੁੱਝੀਆਂ ਦੀ ਸਮਝ ਨਾ ਆਈ,
ਦੂਰੋਂ ਦੂਰੋਂ ਕਰਦਾ ਇਸ਼ਾਰੇ ਸੋਹਣਾ ਮਾਹੀ।
ਸਿੱਖੇ ਫੁੱਲ ਕਲੀਆਂ ਨੇ ਉਹਦੇ ਕੋਲੋਂ ਹਾਸੇ ਨੀ,
ਬੋਲਾਂ ਵਿੱਚੋਂ ਕਿਰਦੇ ਮੈਖਾਣੇ ਤੇ ਪਤਾਸੇ ਨੀ,
ਕਸੁੱਭੜੇ ਤੋਂ ਮੱਲ ਲੈ ਸ਼ਬਨਮ ਦੰਦਾਸੇ ਨੀ,
ਜਿੱਦਣ ਦੀ ਲਾਈ ਅੱਖ-ਅੱਖ ਨਾ ਓ ਲਾਈ
ਦੂਰੋਂ ਦੂਰੋਂ ਕਰਦਾ ਇਸ਼ਾਰੇ ..........

ਰੋਟੀ ਨਾਮਦੇਵ ਦੀ 'ਚ ਲੁੱਕ ਛੁੱਪ ਵੱਸਿਆ,
ਸੂਰ ਤੋਂ ਛੁੱਡਾ ਕੇ ਬਾਂਹਾਂ ਜਾਂਦਾ ਨੀ ਉਹ ਨੱਸਿਆ,
ਜੱਟ ਵਾਲਾ ਵੱਟ ਲਾ ਕੇ ਧੰਨੇ ਤੈਨੂੰ ਕੱਸਿਆ
ਵੱਛੇ ਚਾਰੇ ਪੱਠੇ ਵੱਢੇ ਪਾਣੀ ਫਿਰੇ ਲਾਈ।
ਦੂਰੋਂ ਦੂਰੋਂ ਕਰਦਾ ਇਸ਼ਾਰੇ ............

ਮੁੰਜ ਦੀ ਮਜੂੰਲੀ ਵਾਂਗੂ ਬਰੀਕ ਜਿੰਦ ਕੁੱਟੀ ਵੇ,
ਹਿਜਰ ਕੁੱਠਾਲੀ ਵਿੱਚ ਪਰਖਣ ਨੂੰ ਸੁੱਟੀ ਵੇ,
ਝੋਲ ਮਾਰੇ ਤੱਕਲਾ ਮੈਂ ਕਿੰਕਣ ਕੱਤਾਂ ਜੁੱਟੀ ਵੇ,
ਮਾਰੀ ਗਈ ਸੁੱਧ ਬੁੱਧ ਲੋਕੀ ਕਹਿ ਸੁਦਾਈ।
ਦੂਰੋਂ ਦੂਰੋਂ ਕਰਦਾ ਇਸ਼ਾਰੇ ...........

"ਕਾਹਲ" ਕੂੰਕੇਦਾ ਆ ਕੇ ਫੜ ਮੇਰੀ ਬਾਂਹ ਵੇ
ਮਿਲਣੇ ਦੀ ਦੱਸ ਜਾਈਂ ਆ ਕੇ ਓ ਥਾਂ ਵੇ
ਨਾ ਕਰ ਨਾ ਕਰ ਸੱਜਣਾ ਓ ਨਾਂਹ ਵੇ
ਹਰ ਹਰ ਹਰ ਗਏ ਹਾਂ ਅਸੀਂ ਹਰਜਾਈ।
ਸੈਨਤਾਂ ਓ ਗੁੱਝੀਆਂ ਦੀ ਸਮਝ ਨਾ ਆਈ
ਦੂਰੋਂ ਦੂਰੋਂ ਕਰਦਾ ਇਸ਼ਾਰੇ ਸੋਹਣਾ ਮਾਹੀ।

✡✡

## ਜਦ ਨੈਣ ਗਡਾਵਲ ਹੋ ਗਏ

ਜਦ ਨੈਣ ਗਡਾਵਲ ਹੋ ਗਏ
ਫਿਰ ਪਰਦਾ ਕਿਸ ਤੋਂ ਕਰੀਏ।
ਹੋਈ ਸਾਂਝੀ ਧੜਕਣ ਦਿਲ ਦੀ
ਫਿਰ ਲੋਕਾਂ ਤੋਂ ਕਿਓ ਡਰੀਏ।
ਮੈਂ ਸਾਰੀ ਦੀ ਸਾਰੀ ਤੇਰੀ ਸੱਚੀ ਮੁੱਚੀ ਸ਼ੋਹ ਵੇ
ਹੋਰ ਕੁਰਾਹੇ ਪਾ ਨਾ ਸਾਨੂੰ ਇਸ਼ਕਾ ਪਿੱਛੇ ਰਹੁ ਵੇ
ਮੈਂ ਵਿੱਚ ਸਾਵਲ ਸਾਵਲ ਵਿੱਚ ਮੈਂ ਸਾਵਲ ਮੈਨੂੰ ਕੰਹੁ ਵੇ
ਮੇਰੇ ਆਕਾ ਮੇਰੇ ਅਲੀ, ਆਈ ਮੈਂ ਤੇਰੀ ਗਲੀ ਸਿਰ ਧਰ ਕੇ ਓ ਤਲੀ
ਫਿਰ ਮਰਨੇ ਥੀਂ ਕਿਓ ਡਰੀਏ ..................

ਵਿਯੋਗ ਦੇ ਵਹਿਣੀ ਮੈਂ ਰੁੜ, ਚੱਲੀ ਫੜ ਵੇ ਸੱਜਣਾ ਮੈਨੂੰ
ਮੈਂ ਨਿਮਾਣੀ ਜੇ ਡੁੱਬ ਵੰਞੀ ਮਿਲਸੀਂ ਮੇਹਿਣਾ ਤੈਨੂੰ
ਥੋਹਰਾਂ-ਥੰਮਾਂ ਸੁਣਸੇਂ ਤੁਹੀ ਹੋਰ ਸੁਣਾਵਾਂ ਕਿਹਨੂੰ
ਭਾਵੇਂ ਡੋਬੂ ਹੋਵੇ ਪਾਣੀ ਮਿਲੇ ਹਾਣੀਆਂ ਨੂੰ ਹਾਣੀ ਮੇਰਾ ਝੂਠ ਨਾ ਜਾਣੀ
ਹੁਣ ਠੇਲ੍ਹ ਦੇ ਮਾਝੀ ਬੇੜੀ ਚਾਹੇ ਡੁੱਬੀ ਏ ਚਾਹੇ ਤਰੀਏ
ਜਦ ਨੈਣ ਗਡਾਵਲ ਹੋ ਗਏ ..................

ਬੜਾ ਕਸੂਤਾ ਚੰਚਲਹਾਰਾ ਮਨ ਦਾ ਨਹੀਂ ਵਿਸਾਹ ਵੇ
ਝੰਬ ਕਰ ਸੱਜਣਾ ਦੇਰ ਨਾ ਲਾਈ ਆ ਵੇ ਛੇਤੀ ਆ ਵੇ
ਪਤਾ ਨਹੀਂ ਮੁੜੇ ਮੁੜੇ ਨਾ ਲਿਆ ਵਯੁਦੋਂ ਸਾਹ ਵੇ
ਰਹੇ ਰਜ਼ਾ ਵਿੱਚ ਰਾਜ਼ੀ ਖੇਡ ਜ਼ਿੰਦਗੀ ਦੀ ਬਾਜੀ ਝੂਠੇ ਮੁਲਾਂ ਅਤੇ ਕਾਜ਼ੀ
"ਕਾਹਲ" ਸੁੱਟ ਨਰਦਾਂ ਉਹਦੇ ਨਾਂ ਤੇ ਚਾਹੇ ਜਿੱਤੀਏ ਚਾਹੇ ਹਰੀਏ
ਜਦ ਨੈਣ ਗਡਾਵਲ ਹੋ ਗਏ ਫਿਰ ਪਰਦਾ ਕਿਸ ਤੋਂ ਕਰੀਏ।

✡✡

## ਮੁੰਦਰਾਂ ਇਸ਼ਕ ਦੀਆਂ

ਮੈਨੂੰ ਮੁੰਦਰਾਂ ਇਸ਼ਕ ਦੀਆਂ ਮੁਰਸ਼ਦ ਨੇ ਪਾਈਆਂ
ਘੁੱਟ ਸੀਨੇ ਨਾਲ ਲਾ ਲਏ ਸੁਣ ਕਮਲੀ ਦੇ ਸਾਈਆਂ
ਮੈਨੂੰ ਮੁੰਦਰਾਂ ਇਸ਼ਕ .................

ਇੰਨ੍ਹਾਂ ਮੁੰਦਰਾਂ 'ਚ ਦਿਸੇ ਮੈਨੂੰ ਸ਼ੋਹ ਦਾ ਨੀ ਮੁੱਖ
ਵੇਖਾ ਸ਼ਹੁ ਦਾ ਜੇ ਮੁੱਖ ਮੇਰੀ ਲੱਥ ਜਾਵੇ ਭੁੱਖ
ਭੁੱਖ ਹੋਰ ਸਾਨੂੰ ਲੱਗੇ ਜੇ ਉਹ ਪਾਵੇ ਨੀ ਜੁਦਾਈਆਂ
ਮੈਨੂੰ ਮੁੰਦਰਾਂ ਇਸ਼ਕ ...............

ਮੇਰੇ ਮੌਲਾ ਪਿਲਾ ਦੇ ਮੈਨੂੰ ਮਸਤੀ ਦਾ ਜਾਮ
ਤੇਰੀ ਮਸਤੀ 'ਚ ਬੀਤੇ ਮੇਰੀ ਹਰ ਸੁਬ੍ਹਾ ਸ਼ਾਮ
ਅੱਜ ਦੀ ਸ਼ਾਮ ਤੇਰੇ ਨਾਮ ਮੇਰੀ ਕਰ ਦੇਓ ਸਾਈਆਂ
ਮੈਨੂੰ ਮੁੰਦਰਾਂ ਇਸ਼ਕ ਦੀਆਂ ...............

ਮੇਰੀ ਝੋਲੀ ਭਰ ਆਕਾ ਤੇਰੇ ਦਰ ਦਾ ਸਵਾਲੀ
ਤੇਰੇ ਦਰ ਦਾ ਸਵਾਲੀ ਮੁੜ ਜਾਵੇ ਨਾ ਓ ਖਾਲੀ
ਮੁੜ ਗਿਆ ਜੇ ਮੈਂ ਖਾਲੀ ਵੱਜਣ ਸੱਲ ਤਨਹਾਈਆਂ
ਮੈਨੂੰ ਮੁੰਦਰਾਂ ਇਸ਼ਕ ਦੀਆਂ .............

ਤੇਰੇ ਬਿਰਹੋ ਦਾ ਤੇਈਆ ਸਾਨੂੰ ਚੜ ਗਿਆ ਸ਼ੂਕ
ਕਰ ਛੇਤੀ ਛੇਤੀ ਕਾਰੀ ਵੇ ਮੈਂ ਆਖ ਰਹੀ ਕੂੰਕ
ਸਾਨੂੰ ਰਾਸ ਨਾ ਆਉਣ ਇਹ ਛੁੱਪਣ ਛੁੱਪਾਈਆਂ
ਮੈਨੂੰ ਮੁੰਦਰਾਂ ਇਸ਼ਕ ਦੀਆਂ .............

ਮੇਰੇ ਮੌਲਾ ਮੇਰੀ ਸੁਣ ਲਏ ਅੱਜ ਫਰਿਆਦ
ਦਿਲ ਰੈਜ਼ ਕਰ ਰੱਕੜ ਹੋ ਜਾਵਾਂ ਮੈਂ ਅਬਾਦ
ਭਰ ਹਿਜਰ ਦੇ ਘਾਰੇ "ਕਾਹਲ" ਪੂਰ ਦੁੱਖ ਖਾਈਆਂ

ਮੈਨੂੰ ਮੁੰਦਰਾਂ ਇਸ਼ਕ ਦੀਆਂ ਮੁਰਸ਼ਦ ਨੇ ਪਾਈਆਂ
ਘੁੱਟ ਸੀਨੇ ਨਾਲ ਲਾ ਲਏ ਸੁਣ ਕਮਲੀ ਦੇ ਸਾਈਆਂ

✡✡